13 ਸਤੰਬਰ 1944 ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਾਂ ਹੇਠ ਪਹਿਲੀ ਬੈਠਕ ਹੋਈ ਇਸ ਵਿੱਚ ਸਰਦਾਰ ਸਰੂਪ ਸਿੰਘ ਨੂੰ ਸਰਬਸੰਮਤੀ ਨਾਲ ਜੱਥੇਦਾਰ ( ਪ੍ਰੈਜੀਡੈਂਟ, ਪ੍ਰਧਾਨ, , ਮੁੱਖ ਸੇਵਾਦਾਰ ) ਚੁਣਿਆ ਗਿਆ। ਸ. ਜਵਾਹਰ ਸਿੰਘ ਉਪ ਪ੍ਰਧਾਨ ਅਤੇ ਸ. ਸਰਦੂਲ ਸਿੰਘ ਜਨਰਲ ਸਕੱਤਰ ਬਣੇ। ਫੈਡਰੇਸ਼ਨ ਦਾ ਮੁੱਖ ਦਫ਼ਤਰ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਦੀ ਇਮਾਰਤ ਦੇ ਇੱਕ ਕਮਰੇ ਵਿੱਚ ਕਾਇਮ ਕੀਤਾ ਗਿਆ ਅਤੇ ਜਥੇਬੰਦੀ ਬਕਾਇਦਾ ਤੌਰ ਤੇ ਆਪਣਾ ਕੰਮ ਕਰਨ ਲੱਗੀ। ਫੈਡਰੇਸ਼ਨ ਨੂੰ ਵੱਡੀ ਸਫਲਤਾ ਉਸ ਸਮੇਂ ਮਿਲੀ ਜਦੋਂ ਸਥਾਪਨਾ ਤੋਂ ਕੁਝ ਸਮੇਂ ਵਿੱਚ ਹੀ ਫੈਡਰੇਸ਼ਨ ਦੀਆਂ ਅਮ੍ਰਿਤਸਰ, ਗੁਜਰਾਂਵਾਲਾ , ਲਾਹੌਰ, ਮਿੰਟਗੁਮਰੀ, ਫਰੀਦਕੋਟ ਅਤੇ ਲਾਇਲਪੁਰ ਵਿੱਚ ਸ਼ਾਖਾਵਾਂ ਬਹੁਤ ਹੀ ਸਰਗਰਮੀ ਨਾਲ ਕੰਮ ਕਰਨ ਲੱਗੀਆਂ। ਫੈਡਰੇਸ਼ਨ ਵੱਲੋਂ ਆਪਣੀ ਸਥਾਪਨਾ ਤੋਂ ਬਾਅਦ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਜਿਸ ਦੇ ਤਹਿਤ ਪਹਿਲੀ ਵਾਰ ਜੂਨ 1945 ਵਿੱਚ ਐਫ਼, ਸੀ. ਕਾਲਜ ਲਾਹੌਰ ਦੇ ਖੁੱਲੇ ਮੈਦਾਨ ਵਿੱਚ ਪਹਿਲੀ ਵਾਰ ਅਮ੍ਰਿਤ ਸੰਚਾਰ ਕੈਂਪ ਲਗਾਇਆ ਗਿਆ ਇਸ ਅੰਮ੍ਰਿਤ ਸੰਚਾਰ ਕੈਂਪ ਵਿੱਚ ਪੰਜ ਪਿਆਰੇ ਜੱਥੇਦਾਰ ਮੋਹਣ ਸਿੰਘ ਤੁੜ (ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ), ਮਾਸਟਰ ਤਾਰਾ ਸਿੰਘ ਜੀ (ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ), ਪ੍ਰਿੰਸੀਪਲ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਬਾਵਾ ਹਰਿਕ੍ਰਿਸ਼ਨ ਸਿੰਘ ਸਨ। ਇਸ ਮੌਕੇ ਤੇ 51 ਵਿਦਿਆਰਥੀਆਂ ਨੇ ਖੰਡੇ ਦੀ ਪਹੁਲ ਲਈ ਅਤੇ ਅੱਗੇ ਵਾਸਤੇ ਫੈਡਰੇਸ਼ਨ ਦੇ ਉਦੇਸ਼ਾਂ ਅਤੇ ਪ੍ਰੋਗਰਾਮਾਂ ਨੂੰ ਵਿਉਂਤਬੰਦ ਤਰੀਕੇ ਨਾਲ ਪੂਰੇ ਕਰਨ ਦਾ ਫੈਸਲਾ ਲਿਆ ਗਿਆ ।ਫੈਡਰੇਸ਼ਨ ਦਾ ਦੂਜਾ ਇਜਲਾਸ 9 ਮਾਰਚ 1946 ਨੂੰ ਗੋਲ ਬਾਗ. ਲਾਹੌਰ ਵਿੱਚ ਉਸਾਰੇ ਗਏ ਦੀਵਾਨ ਹਾਲ ਵਿੱਚ ਹੋਇਆ, ਇਸ ਇਜਲਾਸ ਵਿੱਚ ਸਿੱਖ ਕੌਮ ਅਤੇ ਅਜੋਕੇ ਪੰਜਾਬ ਦਾ ਅੱਜ ਦਾ ਮੁੱਖ ਮੁੱਦਾ ਅਜ਼ਾਦ ਸਿੱਖ ਰਾਜ ਦਾ ਨਾਅਰਾ ਸਭ ਤੋਂ ਪਹਿਲਾਂ ਮਾਰਨ ਦਾ ਮਾਣ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਪ੍ਰਾਪਤ ਕੀਤਾ। ਇਸ ਮੌਕੇ ਉੱਤੇ ਹੀ ਸ. ਅਮਰ ਸਿੰਘ ਅੰਬਾਲਵੀ ਨੇ ਖੁਦ ਮੁਖਤਿਆਰ ਸਿੱਖ ਸਟੇਟ ਦਾ ਮਤਾ ਪੇਸ਼ ਕੀਤਾ ਜਿਸ ਦੀ ਤਰਜ਼ ਤੇ ਅੱਜ ਹਿੰਦੋਸਤਾਨ ਦੇ ਬਹੁਤ ਸਾਰੇ ਰਾਜ (ਸਟੇਟ) ਖੁਦ ਮੁਖਤਿਆਰੀ ਦੀ ਮੰਗ ਕਰ ਰਹੇ ਹਨ, ਪ੍ਰੰਤੂ ਇਸ ਮੰਗ ਨੂੰ ਚੁੱਕਣ ਦਾ ਮਾਣ ਵੀ ਸਿੱਖ ਕੌਮ ਦੀ ਨੌਜਵਾਨ ਜੱਥੇਬੰਦੀ ਨੂੰ ਹੀ ਜਾਂਦਾ ਹੈ। ਖੁਦ ਮੁਖਤਿਆਰੀ ਦੇ ਮਤੇ ਦੀ ਤਾਈਦ ਸ.ਸਵਰਨ ਸਿੰਘ ਨੇ ਕੀਤੀ ਜੋ ਕਿ ਬਾਅਦ ਵਿੱਚ ਕੇਂਦਰ ਸਰਕਾਰ ਵਿੱਚ ਗ੍ਰਹਿ ਮੰਤਰੀ ਬਣੇ। ਫੈਡਰੇਸ਼ਨ ਨੇ ਇਹ ਮਤਾ ਭਾਰੀ ਜੋਸ਼ੋ-ਖਰੋਸ਼ ਅਤੇ ਸਰਬਸੰਮਤੀ ਨਾਲ ਪਾਸ ਕੀਤਾ ਸੀ। ਬਾਅਦ ਵਿੱਚ ਇਸ ਮਤੇ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਇੱਕ ਰਾਇ ਨਾਲ ਪਾਸ ਕਰ ਦਿੱਤਾ ।ਦੇਸ਼ ਦੀ ਅਜ਼ਾਦੀ ਤੋਂ ਬਾਅਦ ਫੈਡਰੇਸ਼ਨ ਨੇ ਸਿੱਖ ਵਿਦਿਅਰਥੀਆਂ ਨੂੰ ਜੱਥੇਬੰਦ ਕਰਨ ਅਤੇ ਉਹਨਾਂ ਨੂੰ ਆਪਣੇ ਗੌਰਵਮਈ ਵਿਰਸੇ ਦੀ ਸੋਝੀ ਕਰਵਾਉਣ ਲਈ ਕੈਂਪਾ, ਸਟੱਡੀ ਸਰਕਲਾਂ, ਕਾਨਫਰੰਸਾਂ ਦਾ ਸਿਲਸਿਲਾ ਸ਼ੁਰੂ ਕੀਤਾ ਅਤੇ ਨੌਜਵਾਨ ਵਰਗ ਵਿੱਚ ਚੇਤਨਾ ਪੈਦਾ ਕਰਨ ਲਈ ਹਰ ਸੰਭਵ ਯਤਨ ਕੀਤਾ ਅਤੇ ਨੌਜਵਾਨਾਂ ਵਿੱਚ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਚੇਤਨਾ ਪੈਦਾ ਕੀਤੀ ਫ਼ੈਡਰੇਸ਼ਨ ਨੇ ਜਿੱਥੇ ਨੌਜਵਾਨ ਵਰਗ ਨੂੰ ਹਰ ਖੇਤਰ ਵਿੱਚ ਚੇਤਨ ਕਰਨ ਦਾ ਹਰ ਸੰਭਵ ਯਤਨ ਕੀਤਾ ਉੱਥੇ ਹੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸਮਾਜਿਕ ਅਤੇ ਆਰਥਿਕ ਮਾਹਿਰ ਵੀ ਪੈਦਾ ਕੀਤੇ।ਅਤੇ ਬਹੁਤ ਹੀ ਵਧੀਆ ਰਾਜਨੀਤਿਕ ਨੇਤਾ ਵੀ ਪੈਦਾ ਕੀਤੇ। ਚਾਹੇ ਉਹ ਅੱਜ ਕਿਸੇ ਵੀ ਜੱਥੇਬੰਦੀ ਜਾਂ ਸਿਆਸੀ ਪਾਰਟੀ ਦੇ ਨਾਲ ਸੰਬੰਧਤ ਹੋਣ ਪਰ ਉਹਨਾਂ ਦਾ ਰਾਜਨੀਤਿਕ ਜੀਵਨ ਫੈਡਰੇਸ਼ਨ ਤੋਂ ਹੀ ਸ਼ੁਰੂ ਹੋਇਆ। ਇਹਨਾਂ ਵਿੱਚ ਹੋਰ ਬਹੁਤ ਸਾਰੇ ਸਿਵਲ ਤੇ ਪੁਲਿਸ ਅਧਿਕਾਰੀ, ਡਾਕਟਰ, ਇੰਜੀਨੀਅਰ, ਜਰਨਲਿਸਟ, ਅਤੇ ਵਿਗਿਆਨੀ ਵੀ ਆਪਣੇ ਵਿਦਿਆਰਥੀ ਜੀਵਨ ਵਿੱਚ ਫੈਡਰੇਸ਼ਨ ਦੇ ਸਰਗਰਮ ਵਰਕਰ ਰਹੇ ਹਨ। ਵਿਦਿਅਕ ਖੇਤਰ ਵਿੱਚ ਵੀ ਫੈਡਰੇਸ਼ਨ ਦੇਪੁਰਾਣੇ ਆਗੂ ਸੇਵਾ ਨਿਭਾ ਰਹੇ ਹਨ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਫੈਡਰੇਸ਼ਨ ਉੱਤੇ ਕੱਟੜਵਾਦ ਦਾ ਇਲਜ਼ਾਮ ਵੀ ਲੱਗਾ ਪਰੰਤੂ ਇਸ ਦੇ ਮੂੰਹ ਤੋੜਵੇਂ ਜਵਾਬ ਵੱਜੋਂ ਫੈਡਰੇਸ਼ਨ ਕੋਲ ਇੱਕੋ ਹੀ ਜਵਾਬ ਸੀ ਕਿ ਇੱਕ ਸਮੇਂ ਇੱਕ ਹਿੰਦੂ ਵੀਰ ਭਾਈ ਹਰਬੰਸ ਲਾਲ ਨੂੰ ਫੈਡਰੇਸ਼ਨ ਦਾ ਕੌਮੀ ਪ੍ਰਧਾਨ ਬਣਾਈਆਂ ਗਿਆ ਸੀ। ਜੋ ਕਿ ਕਾਫੀ ਸਮਾਂ ਬਹੁਤ ਹੀ ਸਰਗਰਮੀ ਨਾਲ ਫੈਡਰੇਸ਼ਨ ਦੀ ਸੇਵਾ ਕਰਦੇ ਰਹੇ ।ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਆਪਣੀ ਹੋਂਦ ਤੋਂ ਅੱਜ ਤੱਕ ਬਹੁਤ ਹੀ ਉਤਰਾਅ ਚੜਾਅ ਦੇਖੇ। ਫੈਡਰੇਸ਼ਨ ਨੇ ਜਿੱਥੇ ਸਿੱਖ ਸਿਆਸਤ ਵਿੱਚ ਅਕਾਲੀ ਰਾਜਨੀਤੀ ਨੂੰ ਪੰਥਕ ਸੇਧ ਦੇਣ ਦਾ ਯੋਗਦਾਨ ਪਾਇਆ ਉੱਥੇ ਵੱਖਰੇ-ਵੱਖਰੇ ਸਮੇਂ ਵਿੱਚ ਸਿੱਖ ਕੌਮ ਨੂੰ ਵੀ ਅਗਵਾਈ ਦਿੰਦੀ ਰਹੀ। ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਫੈਡਰੇਸ਼ਨ ਪ੍ਰਧਾਨ ਭਾਈ ਅਮਰੀਕ ਸਿੰਘ ਨੇ 1982 ਵਿੱਚ ਫੈਡਰੇਸ਼ਨ ਨੂੰ ਪੂਰੇ ਪੰਜਾਬ ਵਿੱਚ ਪਿੰਡ ਪੱਧਰ ਤੇ ਸਰਗਰਮ ਕਰ ਦਿੱਤਾ ਅਤੇ ਹਰ ਪਾਸੇ ਫੈਡਰੇਸ਼ਨ ਦਾ ਬੋਲਬਾਲਾ ਹੋ ਗਿਆ।ਪੰਜਾਬ ਦੇ ਅਣਖੀ ਨੌਜਵਾਨਾਂ ਦੇ ਜੱਥੇਬੰਦ ਹੋਣ ਤੇ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਬੌਖਲਾਹਟ ਵਿੱਚ ਆ ਕੇ 19 ਮਾਰਚ 1984 ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਉੱਤੇ ਪਾਬੰਦੀ ਲਗਾ ਦਿੱਤੀ ਗਈ। ਇਸ ਦੌਰਾਨ ਫੈਡਰੇਸ਼ਨ ਦੇ ਸੈਂਕੜੇ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਹੋਈਆਂ। 1982 ਤੋਂ ਮਾਰਚ 1984 ਦੇ ਦੌਰਾਨ ਫੈਡਰੇਸ਼ਨ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਦੀ ਅਗਵਾਈ ਹੇਠ ਤਕਰੀਬਨ ਹਰ ਪਿੰਡ ਵਿੱਚ ਅੰਮ੍ਰਿਤ -ਸੰਚਾਰ ਕਰਾਇਆ ਗਿਆ ਅਤੇ ਫੈਡਰੇਸ਼ਨ ਨੇ ਆਪਣਾ ਇੱਕ ਮੰਤਵ ਪੂਰਾ ਕਰ ਲਿਆ ।ਜੂਨ 1984 ਵਿੱਚ ਕੇਂਦਰ ਸਰਕਾਰ ਨੇ ਅਤਿ ਸ਼ਰਮਨਾਕ, ਘਿਣੌਉਣੀ ਅਤੇ ਸਿੱਖ ਵਿਰੋਧੀ ਕਦਮ ਚੁੱਕਦਿਆਂ 6 ਜੂਨ 1984 ਨੂੰ ਸਿੱਖਾਂ ਦੀ ਸੁਪਰੀਮ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਟੈਂਕਾਂ, ਤੋਪਾਂ ਨਾਲ ਭਾਰਤੀ ਫੌਜ ਤੇ ਹਮਲਾ ਕਰ ਦਿਤਾ। ਇਸ ਦੌਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਦੀ ਅਗਵਾਈ ਹੇਠ ਅਨੇਕਾਂ ਫੈਡਰੇਸ਼ਨ ਵਰਕਰਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸਮੂਚੀ ਅਗਵਾਈ ਹੇਠ ਭਾਰਤੀ ਫੌਜ ਦੇ ਹਮਲੇ ਦਾ ਮੂੰਹ-ਤੋੜਵਾਂ ਜਵਾਬ ਦਿੱਤਾ। ਭਾਈ ਅਮਰੀਕ ਸਿੰਘ ਅਤੇ ਹੋਰ ਜੁਝਾਰੂ ਜੋਧਿਆਂ ਨੇ ਭਾਰਤੀ ਫੌਜ ਦੇ ਟੈਂਕਾਂ ਅਤੇ ਤੋਪਾਂ ਦਾ ਆਪਣੇ ਛੋਟੇ ਹਥਿਆਰਾਂ ਨਾਲ ਹੀ ਕਈ ਦਿਨ ਡਟ ਕੇ ਮੁਕਾਬਲਾ ਕੀਤਾ ਅਤੇ ਭਾਰਤੀ ਫੋਜ ਨੂੰ ਵਖਤ ਪਾਈ ਰਖਿਆ। ਜਿਵੇਂ ਕਿ ਸੁਣਨ ਵਿੱਚ ਆਉਂਦਾ ਹੈ ਭਾਰਤੀ ਫੋਜ ਦੇ ਕਿਸੇ ਇੱਕ ਜਰਨੈਲ ਨੇ ਜੋ ਕਿ ਇਸ ਲੜਾਈ ਵਿੱਚ ਸ਼ਾਮਿਲ ਸੀ ਨੇ ਆਪਣੇ ਮੂੰਹੋਂ ਆਖਿਆ ਸੀ ਕਿ ਅੰਦਰੋ ਲੜਨ ਵਾਲੇ ਸਿੰਘਾਂ ਦਾ ਇੱਕ ਜੱਥਾ ਹੀ ਮੈਨੂੰ ਦੇ ਦਿੱਤਾ ਜਾਵੇ ਤਾਂ ਮੈਂ ਸ਼ਾਮ ਤੱਕ ਲਾਹੌਰ ਉੱਤੇ ਕਬਜ਼ਾ ਕਰ ਲਵਾਂਗਾ ।ਆਖਿਰ ਫੈਡਰੇਸ਼ਨ ਪ੍ਰਧਾਨ ਭਾਈ ਅਮਰੀਕ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੀ ਪਵਿੱਤਰਤਾ ਲਈ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਜਿਨ੍ਹਾਂ ਦੀ ਸ਼ਹੀਦੀ ਉੱਤੇ ਫੈਡਰੇਸ਼ਨ ਨੂੰ ਅੱਜ ਤੱਕ ਮਾਣ ਹੈ। ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਸਰਕਾਰ ਨੇ ਸਿੱਖ ਨੌਜਵਾਨਾਂ ਉੱਤੇ ਹਰਪ੍ਰਕਾਰ ਦੀ ਸਖਤੀ ਤੇ ਜ਼ੁਲਮ ਕਰਕੇ ਦੇਖ ਲਿਆ ਭਾਵੇਂ। 11 ਅਪ੍ਰੈਲ 1985 ਨੂੰ ਫੈਡਰੇਸ਼ਨ ਤੋਂ ਪਾਬੰਦੀ ਚੁੱਕ ਲਈ ਗਈ ਪੰਤੁ ਹਿੰਦੋਸਤਾਨ ਦੀਆਂ ਜੇਲਾਂ ਜਿਨ੍ਹਾਂ ਵਿੱਚ ਜੋਧਪੁਰ, ਜੈਪੁਰ, ਅਜਮੇਰ, ਤਿਹਾੜ, ਨਾਭਾ, ਪਟਿਆਲਾਂ ਦੀਆਂ ਜੇਲਾਂ ਫੈਡਰੇਸ਼ਨ ਲੀਡਰਾਂ ਅਤੇ ਵਰਕਰਾਂ ਨਾਲ ਭਰੀਆਂ ਰਹੀਆਂ ।ਅਨੇਕਾਂ ਹੀ ਫੈਡਰੇਸ਼ਨ ਵਰਕਰਾਂ ਨੂੰ ਕਾਲ ਕੋਠਰੀਆਂ ਵਿੱਚ 5 ਸਾਲ ਤੋਂ ਵੀ ਵੱਧ ਬੰਦ ਰਖਿਆ ਗਿਆ। ਸਿੱਖ ਜਵਾਨੀ ਨੂੰ ਜੇਲਾਂ ਵਿੱਚ ਅਨੇਕਾਂ ਤਰ੍ਹਾਂ ਦੇ ਮਾਨਸਿਕ ਤਸੀਹੇ ਦਿੱਤੇ । ਅੱਜ ਵੀ ਦੇਸ਼ ਦੀਆਂ ਅਨੇਕਾਂ ਹੀ ਜੇਲਾਂ ਵਿੱਚ ਸਿੱਖ ਨੌਜਵਾਨ ਆਪਣੀ ਜਵਾਨੀ ਗਾਲ ਰਹੇ ਹਨ। ਇਹਨਾਂ ਨੌਜਵਾਨਾਂ ਕੋਲ ਜੋ ਕੁਝ ਹੈ ਤਾਂ ਉਹ ਹੈ ਸਿਰਫ ਗੁਰਬਾਣੀ ਦਾ ਪਵਿੱਤਰ ਓਟ ਆਸਰਾ। ਜਿਸ ਰਾਹੀਂ ਉਹ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਰਹੇ ਹਨ ।ਪਿਛਲੇ ਸਮੇਂ ਦੀਆਂ ਪੰਥਕ ਸਰਕਾਰਾਂ ਚਾਹੇ ਉਹ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਲੀ ਸਰਕਾਰ ਹੋਵੇ ਜਾਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਸਰਕਾਰ ਹੋਵੇ ਕਿਸੇ ਨੇ ਵੀ ਇਹਨਾਂ ਨੌਜਵਾਨਾਂ ਨੂੰ ਜੇਲ੍ਹਾਂ ਵਿੱਚੋਂ ਰਿਹਾ ਕਰਵਾਉਣ ਦਾ ਉਪਰਾਲਾ ਨਹੀਂ ਕੀਤਾ। ਕੁਝ ਆਗੂ ਵਿਦੇਸ਼ਾਂ ਵਿੱਚ ਬੈਠੇ ਪੰਥਕ ਸੋਚ ਰੱਖਣ ਵਾਲੇ ਵਿਅਕਤੀਆਂ ਨੂੰ ਇਹ ਕਹਿ ਕੇ ਗੁੰਮਰਾਹ ਕਰਦੇ ਰਹੇ ਕਿ ਅਸੀਂ ਨੌਜਵਾਨਾਂ ਦੀ ਰਿਹਾਈ ਲਈ ਸੰਘਰਸ਼ ਕਰਾਂਗੇ ਪਰੰਤੂ ਇਹਨਾਂ ਲੋਕਾਂ ਨੇ ਸਿਵਾਏ ਸਿਆਸੀ ਸ਼ੋਸ਼ੇਬਾਜ਼ੀ ਤੋਂ ਕੋਈ ਠੋਸ ਕਦਮ ਨਹੀਂ ਚੁੱਕਿਆ। ਇੱਥੇ ਇਹ ਵੀ ਬਹੁਤ ਮੰਦਭਾਗੀ ਗੱਲ ਹੈ ਕਿ ਇਹਨਾਂ ਨੌਜਵਾਨਾਂ ਨਾਲ ਖੁੱਦ ਜੇਲਾਂ ਵਿੱਚ ਨਜ਼ਰਬੰਦ ਰਹਿ ਕੇ ਆਏ ਫੈਡਰੇਸ਼ਨ ਆਗੂ ਵੀ ਇਨ੍ਹਾਂ ਬੰਦੀ ਸਿੰਘਾ ਨੂੰ ਭੁੱਲ ਗਏ ।ਭਾਈ ਅਮਰੀਕ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ ਫੈਡਰੇਸ਼ਨ ਦੇ ਇਤਿਹਾਸ ਦਾ ਬਿਖੜਾ ਅਧਿਆਇ ਸ਼ੁਰੂ ਹੋ ਗਿਆ ।ਜੇਕਰ ਫੈਡਰੇਸ਼ਨ ਵਰਕਰਾਂ ਨੇ ਮਿਹਨਤ ਅਤੇ ਲਗਨ ਨਾਲ ਕੌਮ ਦੀ ਚੜ੍ਹਦੀਕਲਾ ਲਈ ਸੇਵਾ ਕੀਤੀ ਤਾਂ ਸਿੱਖ ਸੰਗਤਾਂ ਨੇ ਵੀ ਫੈਡਰੇਸ਼ਨ ਨੂੰ ਹਰ ਖੇਤਰ ਵਿੱਚ ਪੂਰਨ ਸਹਿਯੋਗ ਦਿੱਤਾ ।ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਤਕਰੀਬਨ ਸਾਰੇ ਪੁਰਾਣੇ ਫੈਡਰੇਸ਼ਨ ਆਗੂ ਜੇਲਾਂ ਵਿੱਚ ਬੰਦ ਕਰ ਦਿੱਤੇ ਗਏ ਅਤੇ ਬਹੁਤ ਸਾਰੇ ਆਗੂ ਸ਼ਹੀਦ ਹੋ ਗਏ। ਭਾਈ ਅਮਰੀਕ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਦੇ ਛੋਟੇ ਭਰਾ ਭਾਈ ਮਨਜੀਤ ਸਿੰਘ ਨੂੰ ਫੈਡਰੇਸ਼ਨ ਦਾ ਪ੍ਰਧਾਨ ਬਣਾ ਦਿੱਤਾ ਗਿਆ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਭਰਾ ਦੇ ਜਵਾਈ ਸ. ਗੁਰਜੀਤ ਸਿੰਘ ਝੋਕ ਹਰੀਅਰ ਨੂੰ ਕਨਵੀਨਰ ਬਣਾ ਦਿੱਤਾ ਗਿਆ। ਇਸ ਸਮੇਂ ਦੌਰਾਨ ਪੰਜਾਬ ਵਿੱਚ ਇੱਕ ਬਹੁਤ ਹੀ ਭਿਅੰਕਰ ਖੂਨੀ ਤੂਫਾਨ ਉਠਿਆ।ਪੰਜਾਬ ਦੇ ਨੌਜਵਾਨ ਪਹਿਲਾ ਬਲਿਊ ਸਟਾਰ ਅਪਰੇਸ਼ਨ ਤੋਂ ਭੜਕੇ ਹੋਏ ਸਨ। ਇਸ ਉਪਰੰਤ ਦੋ ਸਿੱਖ ਨੌਜਵਾਨਾਂ ਸ. ਬੇਅੰਤ ਸਿੰਘ ਅਤੇ ਸ. ਸਤਵੰਤ ਸਿੰਘ ਨੇ ਬਲਿਊ ਸਟਾਰ ਆਪ੍ਰੇਸ਼ਨ ਦੀ ਜਿੰਮੇਵਾਰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ, ਜਿਸ ਉਪਰੰਤ ਕਾਂਗਰਸੀ ਆਗੂਆਂ ਦੇ ਇਸ਼ਾਰੇ ਅਤੇ ਮਦਦ ਨਾਲ ਪੂਰੇ ਭਾਰਤ ਵਿੱਚ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ ।ਦਿੱਲੀ, ਕਾਨਪੁਰ, ਕਲਕੱਤਾ ਅਤੇ ਹੋਰ ਅਨੇਕਾਂ ਸ਼ਹਿਰਾਂ ਵਿੱਚ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਜਿਉਂਦੇ ਸਾੜਿਆ ਗਿਆ ਅਤੇ ਧੀਆਂ ਭੈਣਾਂ ਦੀ ਬੇਪੱਤੀ ਕੀਤੀ ਗਈ। ਇਹਨਾਂ ਹਲਾਤਾਂ ਤੋਂ ਬਾਅਦ ਪੰਜਾਬ ਅੰਦਰ ਅੱਗ ਦੇ ਭਾਬੜ ਮੱਚਣ ਲੱਗੇ। ਨੌਜਵਾਨ ਬਾਗੀ ਹੋ ਕੇ ਹਥਿਆਰਬੰਦ ਸੰਘਰਸ਼ ਦੇ ਰਾਹ ਪੈ ਗਏ। ਨੌਜਵਾਨਾਂ ਦੀ ਜੱਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਇੱਕ ਧੜਾ ਭਾਈ ਦਲਜੀਤ ਸਿੰਘ ਬਿੱਟੂ ਦੀ ਅਗਵਾਈ ਹੇਠ ਇਸ ਹਥਿਆਰਬੰਦ ਸੰਘਰਸ਼ ਵਿੱਚ ਸ਼ਾਮਲ ਹੋ ਗਿਆ। ਪੁਲਿਸ ਫੈਡਰੇਸ਼ਨ ਵਰਕਰਾਂ ਨੂੰ ਲੱਭ-ਲੱਭ ਕੇ ਤਸੱਦਦ ਕਰਕੇ ਸ਼ਹੀਦ ਕਰਨ ਲੱਗੀ ।ਪਰੰਤੂ ਇਹ ਸੰਘਰਸ਼ ਫਿਰ ਵੀ ਜਾਰੀ ਰਿਹਾ। ਇੱਕ ਵਾਰ ਫਿਰ ਪੰਜਾਬ ਅੰਦਰ ਅਜਿਹਾ ਮਹੌਲ ਪੈਦਾ ਹੋ ਗਿਆ ਕਿ ਲੋਕ ਕੇਵਲ ਫੈਡਰੇਸ਼ਨ ਤੇ ਹੀ ਭਰੋਸਾ ਕਰਨ ਲੱਗੇ। ਇਸ ਸਮੇਂ ਪੰਜਾਬ ਵਿੱਚ ਆਮ ਚੋਣਾਂ ਦਾ ਐਲਾਨ ਹੋ ਗਿਆ ।ਪੰਜਾਬ ਦੀਆਂ ਕੁਝ ਖਾੜਕੂ ਜੱਥੇਬੰਦੀਆਂ ਨੇ ਆਮ ਚੋਣਾ ਦੇ ਬਾਈਕਾਟ ਦਾ ਐਲਾਨ ਕੀਤਾ ਪ੍ਰੰਤੂ ਫੈਡਰੇਸ਼ਨ ਨੇ ਲੋਕਤੰਤਰ ਦੀ ਲੜਾਈ ਲੜਨ ਦਾ ਫੈਸਲਾ ਕੀਤਾ ਅਤੇ ਚੋਣਾਂ ਵਿੱਚ ਭਾਗ ਲਿਆ। ਉਸ ਸਮੇਂ ਅਕਾਲੀ ਦਲ ਦੀ ਬਜਾਏ ਫੈਡਰੇਸ਼ਨ ਨੇ ਆਪਣੇ ਜ਼ਿਆਦਾ ਉਮੀਦਵਾਰ ਮੈਦਾਨ ਵਿੱਚ ਉਤਾਰੇ ਅਤੇ ਅਕਾਲੀ ਉਮੀਦਵਾਰ ਵੀ ਫੈਡਰੇਸ਼ਨ ਦੀ ਮਦਦ ਲੈਣ ਲਈ ਹਰ ਪ੍ਰਕਾਰ ਦੇ ਯਤਨ ਕਰਨ ਲੱਗੇ। ਪ੍ਰੰਤੂ ਕੇਂਦਰ ਦੀ ਕਾਂਗਰਸ ਸਰਕਾਰ ਨੇ ਵੋਟਾਂ ਤੋਂ ਪਹਿਲੀ ਰਾਤ ਪੰਜਾਬ ਦੀਆਂ ਚੋਣਾਂ ਰੱਦ ਕਰ ਦਿੱਤੀਆਂ ਕਿਉਂਕਿ ਕਾਂਗਰਸ ਦੇ ਮਨ ਵਿੱਚ ਇਹ ਸੀ ਕਿ ਜੇਕਰ ਪੰਜਾਬ ਵਿੱਚ ਫੈਡਰੇਸ਼ਨ ਦੀ ਮਦਦ ਵਾਲੀ ਜਾਂ ਫੈਡਰੇਸ਼ਨ ਦੀ ਸਰਕਾਰ ਬਣ ਗਈ ਤਾਂ ਉਹਨਾਂ ਲਈ ਬਹੁਤ ਵੱਡੀ ਮੁਸ਼ਿਕਲ ਖੜੀ ਹੋ ਜਾਵੇਗੀ ।ਕੇਂਦਰ ਦੀ ਏਜੰਸੀਆਂ ਤੇ ਸਾਡੇ ਹੀ ਅਕਾਲੀ ਆਗੂ ਫੈਡਰੇਸ਼ਨ ਦੀ ਸ਼ਕਤੀ ਨੂੰ ਤਾਰਪੀਡੋ ਕਰਨ ਲਈ ਸਰਗਰਮ ਹੋ ਗਏ। ਕੇਂਦਰ ਦੀਆਂ ਏਜੰਸੀਆਂ ਫੈਡਰੇਸ਼ਨ ਵਿੱਚ ਘੁਸਪੈਠ ਕਰ ਗਈਆਂ। ਭਾਈ ਮਨਜੀਤ ਸਿੰਘ ਦੇ ਸਮੇਂ ਹੀ ਉਹਨਾਂ ਨੂੰ ਪ੍ਰਧਾਨ ਮੰਨਣ ਵਾਲੇ ਫੈਡਰੇਸ਼ਨ ਆਗੂ ਵੀ ਆਪਣੇ-ਆਪਣੇ ਧੜੇ ਬਣਾਉਣ ਲੱਗੇ ।ਜਿਨਾਂ ਵਿੱਚ ਹਰਿੰਦਰ ਸਿੰਘ ਕਾਹਲੋਂ, ਦਲਜੀਤ ਸਿੰਘ ਬਿੱਟੂ, ਗੁਰਨਾਮ ਸਿੰਘ ਬੁੱਟਰ, ਗੁਰਨਾਮ ਸਿੰਘ ਬੰਡਾਲਾਂ ਆਦਿ ਸ਼ਾਮਿਲ ਹਨ।ਫੈਡਰੇਸ਼ਨ ਪ੍ਰਧਾਨ ਭਾਈ ਮਨਜੀਤ ਸਿੰਘ ਅਤੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਦਰਮਿਆਨ ਦੂਰੀਆਂ ਵੱਧਣ ਲੱਗੀਆਂ। ਅਖ਼ੀਰ ਸ. ਹਰਮਿੰਦਰ ਸਿੰਘ ਸੰਧੂ ਦੇ ਕਤਲ ਤੋਂ ਬਾਅਦ ਫੈਡਰੇਸ਼ਨ ਰਸਮੀ ਤੌਰ ਤੇ ਦੋ-ਫਾੜ ਹੋ ਗਈ। ਇੱਕ ਧੜਾ ਫੈਡਰੇਸ਼ਨ ਮਹਿਤਾ ਦੇ ਨਾਂ ਰਜਿੰਦਰ ਸਿੰਘ ਮਹਿਤਾ ਦੀ ਅਗਵਾਈ ਵਿੱਚ ਕੰਮ ਕਰਨ ਲੱਗਾ। ਇਹ ਫੈਡਰੇਸ਼ਨ ਦਾ ਸਭ ਤੋਂ ਵੱਡਾ ਸਿਆਸੀ ਦੁਖਾਂਤ ਸੀ।





ਭਾਈ ਮਨਜੀਤ ਸਿੰਘ ਨੇ ਵੀ ਗਰੁੱਪ ਬੰਦੀ ਤੋ ਮਾਯੂਸ ਹੋਕੇ ਫੈਡਰੇਸ਼ਨ ਨੂੰ ਛੱਡ ਕੇ ਅਕਾਲੀ ਦਲ (ਮਨਜੀਤ) ਬਣਾ ਲਿਆ। ਜਿਸ ਤੋਂ ਬਾਅਦ ਫੈਡਰੇਸ਼ਨ ਅਨੇਕਾਂ ਹੀ ਧੜਿਆਂ ਵਿੱਚ ਵੰਡੀ ਗਈ। ਜਸਬੀਰ ਸਿੰਘ ਘੁੰਮਣ ਨੇ ਆਪਣਾ ਧੜਾ ਬਣਾ ਲਿਆ, ਰਜਿੰਦਰ ਸਿੰਘ ਮਹਿਤਾ ਨੇ ਆਪਣਾ ਧੜਾ ਬਣਾ ਲਿਆ। ਹਰਮਿੰਦਰ ਸਿੰਘ ਗਿੱਲ ਨੇ ਆਪਣਾ, ਭੁਪਿੰਦਰ ਸਿੰਘ ਖਾਲਸਾ ਨੇ ਆਪਣਾ ਅਤੇ ਇੱਕ ਫੈਡਰੇਸ਼ਨ ਪ੍ਰੀਜੀਡੀਅਮ ਦੇ ਨਾਂ ਹੇਠ ਕੰਮ ਕਰਨ ਲੱਗੀ ਜੋ ਪੰਜ ਮੈਂਬਰੀ ਕਮੇਟੀ ਅਧੀਨ ਕੰਮ ਕਰਦੀ ਸੀ। ਇਸ ਕਮੇਟੀ ਵਿੱਚ ਜਸਵੰਤ ਸਿੰਘ ਸਰਹਿੰਦ, ਪ੍ਰਿਥੀ ਸਿੰਘ ਕਟਾਰ ਸਿੰਘ ਵਾਲਾ, ਜਗਵਿੰਦਰ ਸਿੰਘ ਕਿਲਾ ਰਾਏਪੁਰ, ਬਲਦੇਵ ਸਿੰਘ ਹੋਠੀਆਂ, ਅਮਰਜੀਤ ਸਿੰਘ ਪੱਧਰੀ ਸਾਮਲ ਸਨ । ਸਾਰੀਆਂ ਫੈਡਰੇਸ਼ਨਾਂ ਆਪਣੇ-ਆਪਣੇ ਧੜੇ ਬਣਾ ਕੇ ਕੰਮ ਕਰਦੀਆਂ ਰਹੀਆਂ। ਪ੍ਰੰਤੂ ਜੋ ਫੈਡਰੇਸ਼ਨ ਅਜਾਦੀ ਤੋਂ ਪਹਿਲਾਂ ਬਣੀ ਸੀ ਜਾਂ ਭਾਈ ਅਮਰੀਕ ਸਿੰਘ ਜੀ ਨੇ ਚਲਾਈ ਸੀ ਉਹ ਫੈਡਰੇਸ਼ਨ ਤਾ ਪਤਾ ਨਹੀਂ ਕਿਧਰ ਗੁਆਚ ਗਈ।ਸਾਰੇ ਆਗੂ ਆਪਣੇ-ਆਪਣੇ ਅਹੁਦਿਆਂ ਤੇ ਸਿਆਸੀ ਲਾਲਚਾ ਵਿੱਚ ਘਿਰ ਗਏ। ਸਾਰੇ ਆਗੂ ਫੈਡਰੇਸ਼ਨ ਵੱਲੋਂ ਮਿੱਥੇ ਪੰਜ ਨਿਸ਼ਾਨਿਆਂ ਤੋਂ ਅਵੇਸਲੇ ਹੋ ਗਏ ਅਤੇ ਆਪਣੇ-ਆਪਣੇ ਧੜੇ ਨੂੰ ਹੀ ਸਰਗਰਮ ਕਰਨ ਅਤੇ ਦੂਜੇ ਠਿਬੀ ਲਗਾਉਣ ਲੱਗੇ ਰਹੇ ।1995 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਸ ਸਮੇਂ ਦੇ ਜੱਥੇਦਾਰ ਪ੍ਰੋ. ਮਨਜੀਤ ਸਿੰਘ ਜੀ ਨੇ ਉਪਰਾਲਾ ਕਰਕੇ 19 ਜਨਵਰੀ 1995 ਨੂੰ 5 ਘੰਟੇ ਲਗਾਤਾਰ ਪੰਜ ਸਿੰਘ ਸਹਿਬਾਨ ਦੀ ਮੀਟਿੰਗ ਕਰਨ ਉਪਰੰਤ ਫੈਡਰੇਸ਼ਨ ਦੇ ਪੰਜ ਧੜਿਆਂ , ਜਸਬੀਰ ਸਿੰਘ ਘੁੰਮਣ, ਹਰਮਿੰਦਰ ਸਿੰਘ ਗਿੱਲ, ਭੁਪਿੰਦਰ ਸਿੰਘ ਖਾਲਸਾ, ਵਰਡ ਸਿੱਖ ਯੂਥ ਔਰਗੇਨਾਇਜੇਸ਼ਨ, ਸਿੱਖ ਯੂਥ ਫੈਡਰੇਸ਼ਨ ਪਰਮਿੰਦਰ ਸਿੰਘ ਢਿੱਲੋ ਨੂੰ ਇੱਕ ਕਰਕੇ ਫੇਰ ਤੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਗਠਨ ਕੀਤਾ ਅਤੇ ਭਾਈ ਕਰਨੈਲ ਸਿੰਘ ਪਿੰਡ ਪੀਰ ਮੁਹੰਮਦ ਤਹਿਸੀਲ ਜੀਰਾ ਜਿਲਾ ਫਿਰੋਜ਼ਪੁਰ ਨੂੰ ਸਰਬਸੰਮਤੀ ਨਾਲ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਨੌਜਵਾਨ ਵਰਗ ਵਿੱਚ ਇੱਕ ਵਾਰ ਫਿਰ ਖੁਸ਼ੀ ਦੀ ਲਹਿਰ ਦੌੜੀ। ਨੌਜਵਾਨਾਂ ਨੂੰ ਇਹ ਆਸ ਬੱਝੀ ਕਿ ਫੈਡਰੇਸ਼ਨ ਫੇਰ ਸੁਰਜੀਤ ਹੋ ਗਈ ਹੈ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਦੀ ਅਗਵਾਈ ਵਿੱਚ ਫੈਡਰੇਸ਼ਨ ਇੱਕ ਵਾਰ ਫਿਰ ਤੋਂ ਆਪਣੇ ਪੁਰਾਣੇ ਮੁਕਾਮ ਵੱਲ ਵਧਣ ਲੱਗੀ, ਜਗ੍ਹਾ-ਜਗ੍ਹਾ ਯੂਨਿਟ ਸਥਾਪਿਤ ਕੀਤੇ ਜਾਣ ਲੱਗੇ, ਗੁਰਮਤਿ ਚੇਤਨਾਂ ਕੈਂਪ, ਅੰਮ੍ਰਿਤ ਸੰਚਾਰ ਕੈਂਪ, ਕਨਵੈਨਸ਼ਨਾਂ ਫੇਰ ਤੋਂ ਹੋਣ ਲੱਗੀਆਂ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਨਵੰਬਰ 1984 ਸਿੱਖ ਨਸਲਕੁਸ਼ੀ ਦਾ ਕੇਸ ਲੜਿਆਂ ਤੇ ਉਹ ਕੇਸ ਜਿੱਤਿਆ ਅੱਜ ਸੱਜਣ ਕੁਮਾਰ ਵਰਗੇ ਵੱਡੇ ਕਾਂਗਰਸੀ ਨੇਤਾ ਤਿਹਾੜ ਜੇਲ੍ਹ ਅੰਦਰ ਬੰਦ ਹਨ। ਫੈਡਰੇਸ਼ਨ ਨੇ ਭਾਰਤ ਦੇ ਅੰਦਰ ਜਿੱਥੇ ਜਿੱਥੇ ਵੀ ਸਿੱਖ ਨਸਲਕੁਸ਼ੀ ਹੋਈ ਸੀ ਉਥੇ ਜਾ ਕੇ ਅੰਕੜੇ ਇਕੱਠੇ ਕੀਤੇ ਤੇ ਸਿੱਖ ਕੌਮ ਨਾਲ ਹੋਈਆ ਜਿਆਦਤੀਆ ਨੂੰ ਸੰਯੁਕਤ ਰਾਸ਼ਟਰ ਵਿੱਚ ਰੱਖਿਆ ।ਹਰਿਆਣਾ ਰਾਜ ਅੰਦਰ ਹੋਂਦ ਚਿੱਲੜ ਅਤੇ ਜੰਮੂ-ਕਸ਼ਮੀਰ ਵਿਖੇ ਰਿਆਸੀ ਉੱਤਰਪ੍ਰਦੇਸ਼ ਅੰਦਰ ਕਾਨਪੁਰ ਬਿਹਾਰ ਝਾਰਖੰਡ ਵਿਖੇ ਬੋਕਾਰੋ ਵਿਖੇ ਅੰਕੜੇ ਇਕੱਠੇ ਕੀਤੇ ।ਇਸ ਦਾ ਅਸਰ ਇਹ ਹੋਇਆ ਕਿ ਰਾਜ ਸਰਕਾਰਾ ਨੂੰ ਕਮਿਸ਼ਨ ਬਣਾਉਣ ਲਈ ਮਜਬੂਰ ਹੋਣਾ ਪਿਆ ਮਜਬੂਰ ਹੋਕੇ ਪੀੜਤ ਸਿੱਖ ਪਰਿਵਾਰਾ ਨੂੰ ਮੁਆਵਜੇ ਦੇਣੇ ਪਏ ਹੋਂਦ ਚਿੱਲੜ ਰਿਵਾੜੀ ਗੁੜਗਾਂਵ ਦੇ ਪੀੜਤ ਪਰਿਵਾਰਾ ਨੂੰ 25 /25 ਲੱਖ ਦਾ ਮੁਆਵਜ਼ਾ ਮਿਲਿਆ ਉਹ ਕੇਸ ਅੱਜ ਵੀ ਚੱਲ ਰਹੇ ਹਨ । ਫੈਡਰੇਸ਼ਨ ਪ੍ਰਧਾਨ ਸ੍ ਕਰਨੈਲ ਸਿੰਘ ਪੀਰ ਮੁਹੰਮਦ ਨੇ ਜਦ ਕੜਕੜਡੂੰਮਾ ਦੀ ਸੈਸ਼ਨ ਅਦਾਲਤ ਦੇ ਜੱਜ ਜੇ ਆਰ ਆਰੀਅਨ ਵੱਲੋ ਸੱਜਣ ਕੁਮਾਰ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ ਤਾ ਪੀਰ ਮੁਹੰਮਦ ਨੇ ਆਪਣੀ ਜੁੱਤੀ ਸੱਜਣ ਕੁਮਾਰ ਤੇ ਰੋਸ ਵਜੋ ਅਦਾਲਤ ਵਿੱਚ ਸੁੱਟ ਦਿੱਤੀ ਜਿਸ ਕਰਕੇ ਉਹਨਾ ਨੂੰ ਗ੍ਰਿਫਤਾਰ ਕਰਕੇ ਤਿਹਾੜ ਜੇਲ੍ਹ ਦਿੱਲੀ ਭੇਜ ਦਿੱਤਾ ਗਿਆ । ਹੁਣ ਆਪਾ ਫਿਰ ਫੈਡਰੇਸ਼ਨ ਦੇ ਹਾਲਤਾ ਦੀ ਗੱਲ ਕਰੀਏ ਤਾ ਏਜੰਸੀਆਂ ਅਤੇ ਸਿਆਸੀ ਆਗੂਆਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਫੈਡਰੇਸ਼ਨ ਦੀ ਫੇਰ ਤੋਂ ਚੜਤ ਹੋਵੇ ।ਉਹਨਾਂ ਨੇ ਫੈਡਰੇਸ਼ਨ ਆਗੂਆਂ ਨੂੰ ਭਰਮਾਉਣਾ ਸ਼ੁਰੂ ਕਰ ਦਿੱਤਾ। ਤਕਰੀਬਨ ਇੱਕ ਸਾਲ ਦੇ ਅਰਸੇ ਤੋਂ ਬਾਅਦ ਇਹ ਲੋਕ ਕਾਮਯਾਬ ਹੋ ਗਏ ਜਦੋਂ ਗਿੱਦੜਬਾਹਾ ਦੀ ਜਿਮਨੀ ਚੋਣ ਸਮੇਂ ਇੱਕ ਧੜਾ ਇੱਕ ਸੀਨੀਅਰ ਸਿਆਸੀ ਆਗੂ ਦੀਆ ਗੱਲਾ ਵਿੱਚ ਆ ਕੇ ਵੱਖ ਹੋ ਗਿਆ। ਇਸ ਤੋਂ ਬਾਅਦ ਵੀ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਉਸੇ ਤਰ੍ਹਾਂ ਫੈਡਰੇਸ਼ਨ ਦੀ ਸੇਵਾ ਕਰਦੇ ਰਹੇ।ਕੁੱਝ ਸਮੇਂ ਬਾਅਦ ਸ. ਹਰਮਿੰਦਰ ਸਿੰਘ ਗਿੱਲ ਵੀ ਫੈਡਰੇਸ਼ਨ ਨੂੰ ਛੱਡ ਕੇ ਕਾਂਗਰਸ ਵਿੱਚ ਸਾਮਲ ਹੋ ਗਏ ।ਅੱਜ ਜਦੋਂ ਫੈਡਰੇਸ਼ਨ ਦੀ ਹੋਂਦ ਨੂੰ 82 ਸਾਲ ਪੂਰੇ ਹੋ ਚੁੱਕੇ ਹਨ ਤਾਂ ਪੰਜਾਬ ਅੰਦਰ ਫੈਡਰੇਸ਼ਨ ਦੇ ਕੁਝ ਧੜੇ ਕੰਮ ਕਰ ਰਹੇ ਹਨ ਜਦ ਕਿ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ 30 ਨਵੰਬਰ 2018 ਨੂੰ ਤਿਹਾੜ ਜੇਲ੍ਹ ਪਹੁੰਚ ਕੇ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਅਸਤੀਫ਼ਾ ਦੇ ਦਿੱਤਾ ਉਹ ਤਕਰੀਬਨ 23 ਸਾਲ ਫੈਡਰੇਸ਼ਨ ਦੇ ਪ੍ਰਧਾਨ ਰਹੇ। ਓਹਨਾਂ ਨੇ ਅਸਤੀਫਾ ਦੇਕੇ ਕਿਹਾ ਕਿ ਉਹ ਹੋਰ ਸਿੱਖ ਨੌਜਵਾਨਾਂ ਨੂੰ ਮੌਕਾ ਦੇਣਾ ਚਾਹੁੰਦੇ ਹਨ । 14 ਅਪ੍ਰੈਲ 2022 ਵਿੱਚ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ ਤੇ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਪਾਰਟੀ ਦਾ ਜਰਨਲ ਸਕੱਤਰ , ਮੁੱਖ ਬੁਲਾਰਾ ਅਤੇ ਪੰਥਕ ਸਲਾਹਕਾਰ ਬੋਰਡ ਦਾ ਮੈਬਰ ਨਿਯੁਕਤ ਕੀਤਾ ਪਰ ਵਿਚਾਰਕ ਮੱਤਭੇਦ ਕਾਰਣ ਉਹਨਾ ਨੇ ਪਾਰਟੀ ਤੋ ਅਸਤੀਫਾ ਦੇ ਦਿੱਤਾ ਕਿਉਕਿ ਸ੍ ਸੁਖਬੀਰ ਸਿੰਘ ਬਾਦਲ ਨੇ ਦੋ ਦਸੰਬਰ ਦਾ ਹੁਕਮਨਾਮਾ ਪ੍ਰਵਾਨ ਕਰਕੇ ਵੀ ਉਸ ਤੇ ਅਮਲ ਨਹੀ ਕੀਤਾ ਸੀ। ਫੈਡਰੇਸ਼ਨ ਦੇ 75 ਵੇਂ ਇਜਲਾਸ ਦੌਰਾਨ ਮੋਗਾ ਵਿਖੇ ਫੈਡਰੇਸ਼ਨ ਦੇ ਸੀਨੀਅਰ ਆਗੂ ਸ੍.ਜਗਰੂਪ ਸਿੰਘ ਚੀਮਾਂ ਜੋ ਕਿ ਪਟਿਆਲਾ ਦੇ ਰਹਿਣ ਵਾਲੇ ਹਨ ਪਿਛਲੇ ਲੰਮੇ ਸਮੇਂ ਤੋ ਕਰਨੈਲ ਸਿੰਘ ਪੀਰ ਮੁਹੰਮਦ ਦੀ ਅਗਵਾਈ ਵਿੱਚ ਫੈਡਰੇਸ਼ਨ ਦੇ ਕਈ ਅਹਿਮ ਅਹੁਦਿਆਂ ਉਪਰ ਸੇਵਾ ਕਰਦੇ ਆ ਰਹੇ ਸਨ ! ਉਹਨਾਂ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਸਰਵਸੰਮਤੀ ਨਾਲ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ ਉਹਨਾਂ ਤੋ ਬਾਅਦ ਐਡਵੋਕੇਟ ਪਰਮਿੰਦਰ ਸਿੰਘ ਢੀਗਰਾ ਫੈਡਰੇਸ਼ਨ ਦੇ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤੇ ਗਏ ਸਨ ਪਰ ਬੀਤੀ 27 ਮਈ 2025 ਨੂੰ ਐਡਵੋਕੇਟ ਪਰਮਿੰਦਰ ਸਿੰਘ ਢੀਗਰਾ ਦੀ ਗੋਲੀ ਮਾਰਕੇ ਹੱਤਿਆ ਕਰ ਦਿੱਤੀ ਗਈ ਇਹ ਭਿਆਨਕ ਘਟਨਾਕ੍ਰਮ ਬਾਰੇ ਅਜੇ ਤੱਕ ਕੋਈ ਸੁਰਾਗ ਨਹੀ ਮਿਲਿਆ । ਅੱਜ ਜਦੋਂ ਫੈਡਰੇਸ਼ਨ ਆਪਣੇ 82 ਵਰ੍ਹੇ ਪੂਰੇ ਕਰ ਰਹੀ ਹੈ ਤਾਂ ਪੰਜਾਬ ਵਿੱਚ ਇਸ ਸਮੇਂ ਨਸ਼ਿਆਂ ਦੇ ਹੜ ਵਗ ਰਹੇ ਹਨ। ਪੰਜਾਬ ਦੀ ਜਵਾਨੀ ਨਸ਼ਿਆਂ ਵਿੱਚ ਗਰਕ ਹੋ ਰਹੀ ਹੈ ਮੌਕੇ ਦੀਆਂ ਸਰਕਾਰਾਂ ਇੱਕ ਯੋਜਨਾਬੰਦ ਢੰਗ ਦੇ ਨਾਲ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਰਹੀਆਂ ਹਨ ਸਰਕਾਰਾਂ ਪਾਸ ਜਵਾਨੀ ਤੇ ਕਿਸਾਨੀ ਨੂੰ ਬਚਾਉਣ ਲਈ ਤੇ ਉਨ੍ਹਾਂ ਦੇ ਉੱਜਲ ਭਵਿੱਖ ਲਈ ਕੋਈ ਵੀ ਠੋਸ ਯੋਜਨਾ ਨਹੀ ਅਜਿਹੇ ਹਾਲਾਤਾਂ ਵਿਚ ਫੈਡਰੇਸ਼ਨ ਆਪਣੀ 82 ਵੀਂ ਵਰ੍ਹੇਗੰਢ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹੜ ਪੀੜਤ ਪਰਿਵਾਰਾ ਨੂੰ ਨਾਲ ਲੈਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਮਨਾ ਰਹੀ ਹੈ ਇਸ ਮੌਕੇ ਸਾਨੂੰ ਪੂਰਨ ਆਸ ਹੈ ਕਿ ਉਹ ਇਨ੍ਹਾਂ ਦੁਸ਼ਵਾਰੀਆਂ ਨੂੰ ਖਤਮ ਕਰਨ ਲਈ ਠੋਸ ਰਣਨੀਤੀ ਬਣਾਵੇਗੀ ਕਿਉਕਿ ਪੰਜਾਬ ਦੀ ਪਵਿੱਤਰ ਧਰਤੀ ਉਪਰ ਸਾਹਿਬ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੀ ਬੇਅਦਬੀ ਹੋਣ ਦੀਆ ਕਈ ਘਟਨਾਵਾਂ ਵੀ ਵਾਪਰ ਚੁੱਕੀਆ ਹਨ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ੍ਰੋਮਣੀ ਅਕਾਲੀ ਦਲ ਵਰਗੀਆ ਮਹਾਨ ਸੰਸਥਾਵਾਂ ਉਪਰ ਪ੍ਰਸ਼ਨਚਿੰਨ੍ਹ ਲੱਗ ਰਹੇ ਹਨ ਅਜਿਹੇ ਵਿੱਚ ਸਿੱਖ ਕੌਮ ਦੀ ਹਰੇਕ ਸੰਸਥਾ ਨੂੰ ਆਤਮਮੰਥਨ ਕਰਨ ਦੀ ਬੇਹੱਦ ਲੋੜ ਹੈ ਫੈਡਰੇਸ਼ਨ ਵਰਗੀ ਜੁਝਾਰੂ ਜਥੇਬੰਦੀ ਨੂੰ ਮਜਬੂਤ ਕਰਨ ਲਈ ਫੈਡਰੇਸ਼ਨ ਦੇ ਪੁਰਾਣੇ ਮੁਕਾਮ ਨੂੰ ਦੁਬਾਰਾ ਹਾਸਲ ਕਰਨ ਦੀ ਬੇਹੱਦ ਲੋੜ ਹੈ । ਮੇਰੀ ਸਕੂਲਾ ਕਾਲਜਾ ਯੂਨਿਵਰਸਿਟੀ ਪੜਦੇ ਸਿੱਖ ਪੰਜਾਬੀ ਨੌਜਵਾਨ ਲੜਕੇ ਲੜਕੀਆ ਨੂੰ ਅਪੀਲ ਹੈ ਕਿ ਆਉ ਫੈਡਰੇਸ਼ਨ ਦੇ ਮੈਬਰ ਬਣਕੇ ਇਸ ਮਹਾਨ ਜਥੇਬੰਦੀ ਦੇ ਪਲੇਟਫਾਰਮ ਨੂੰ ਸਿੱਖ ਕੌਮ ਦੀ ਚੜਦੀਕਲਾ ਲਈ ਸਹੀ ਢੰਗ ਨਾਲ ਇਸਤੇਮਾਲ ਕਰੀਏ । ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ 82 ਵੀ ਵਰੇਗੰਢ ਮੌਕੇ ਫੈਡਰੇਸ਼ਨ ਦੇ ਸਰਪ੍ਰਸਤ ਸ੍ ਕਰਨੈਲ ਸਿੰਘ ਪੀਰਮੁਹੰਮਦ ਦੀ ਅਗਵਾਈ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ ਸਰਬੱਤ ਦੇ ਭਲੇ ਅਤੇ ਖਾਲਸਾ ਪੰਥ ਦੀ ਚੜਦੀ ਕਲਾ ਅਤੇ ਪੰਥਕ ਏਕਤਾ ਲਈ ਅਰਦਾਸ ਸਮਾਗਮ ਕੀਤਾ ਜਾ ਰਿਹਾ ਹੈ ਕਿੰਨਾ ਚੰਗਾ ਹੁੰਦਾ ਜੇ ਖਾਲਸਾ ਪੰਥ ਦਾ ਹਰਿਆਵਲ ਦਸਤਾ ਇਕਜੁੱਟ ਹੋਕੇ ਆਪਣਾ 82 ਵਾ ਸਾਲਾਨਾ ਦਿਵਸ ਮਨਾਉਂਦਾ ।

**-ਰਾਜਵਿੰਦਰ ਕੌਰ ਵਿਰਦੀ ਮੀਡੀਆ ਇੰਚਾਰਜ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ( ਇਸਤਰੀ ਵਿੰਗ)**
**+91-9876413864, aissf_news@yahoo.com**

### ਹੜ ਪੀੜਤ ਪਰਿਵਾਰਾ ਦੀ ਸਹਾਇਤਾ ਲਈ ਮੱਖੂ ਵਿਖੇ ਹੜ੍ਹ ਰਾਹਤ ਕੈਪ ਤੋਂ

# ਲੋੜ੍ਹਵੰਦ ਪ੍ਰਭਾਵਿਤ ਇਲਾਕਿਆ ਵਿੱਚ ਸਹਾਇਤਾ ਜਾਰੀ : ਕਰਨੈਲ ਸਿੰਘ ਪੀਰਮੁਹੰਮਦ

## ਲੋੜਵੰਦ ਸਹਾਇਤਾ ਕੇਦਰ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਅੰਮ੍ਰਿਤਸਰ ਰੋਡ ਮੱਖੂ ਵਿਖੇ ਸਥਾਪਿਤ ਕੀਤਾ ਗਿਆ ਹੈ

















(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

**ਮਖੂ (ਫਿਰੋਜ਼ਪੁਰ), 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆ ਵਿੱਚ ਪੀੜ੍ਹਤ ਪਰਿਵਾਰਾ ਤੱਕ ਮੈਡੀਕਲ ਸਹੂਲਤਾ ਨਿੱਤ ਦਿਨ ਦੀਆ ਲੋੜਾ ਲਈ ਲੋੜਵੰਦ ਸਹਾਇਤਾ ਕੇਦਰ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਅੰਮ੍ਰਿਤਸਰ ਰੋਡ ਮੱਖੂ ਵਿਖੇ ਸਥਾਪਿਤ ਕੀਤਾ ਗਿਆ ਹੈ ।ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਅਤੇ ਸੀਨੀਅਰ ਅਕਾਲੀ ਆਗੂ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਕਰਤਾਰ ਆਸਰਾ ਟਰੱਸਟ ਚੰਡੀਗੜ੍ਹ ਦੇ ਚੇਅਰਪਰਸਨ ਬੀਬਾ ਚਰਨਕਮਲ ਕੌਰ ਦੇ ਸਲਾਘਾਯੋਗ ਉਪਰਾਲੇ ਨਾਲ ਸ੍ਰੌਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ,ਸਾਹ ਜੀ ਪੀਰ ਸੀਸਵਾਂ , ਦੇ ਸਾਝੇ ਸਹਿਯੋਗ ਨਾਲ ਸ੍ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਉਨਾਂ ਦੇ ਹਲਕੇ ਜੀਰਾ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆ ਵਿੱਚ ਕਰਤਾਰ ਆਸਰਾ ਟਰੱਸਟ ਵੱਲੋ 25 ਲੱਖ ਰੁਪਏ ਤੋ ਵੱਧ ਦੀਆ ਹਰ ਦਿਨ ਵਰਤੋ ਵਿੱਚ ਆਉਣ ਵਾਲੀਆ ਵਸਤਾ ਵੰਡੀਆ ਜਾ ਰਹੀਆ ਹਨ ।ਰੁਕਨੇਵਾਲਾ,ਮੰਨੂ ਮਾਛੀਆ, ਹਰੀਕੇ ਹੈੱਡ ਵਰਕਸ , ਆਲੇਵਾਲਾ, ਰਾਜੀ ਸਭਰਾਅ ਬੰਡਾਲਾ ਫੱਤੇਵਾਲਾ, ਘੜੁਮ, ਦੀਨੇਕੇ ਦੇ ਬੰਨਾ ਤੇ ਬੈਠੇ ਹੜ੍ਹ ਪ੍ਰਭਾਵਿਤ ਇਲਾਕਿਆ ਵਿੱਚ ਪੀੜ੍ਹਤ ਪਰਿਵਾਰਾ ਤੱਕ ਪਹੁੰਚ ਕੀਤੀ ਜਾ ਰਹੀ ਹੈ ।

ਇਸ ਮੌਕੇ ਮਾਤਾ ਚਰਨਕਮਲ ਕੌਰ ਚੇਅਰਪਰਸਨ ਕਰਤਾਰ ਆਸਰਾ ਟਰੱਸਟ ਨੇ ਕਿਹਾ ਕਿ ਅਸੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਹਿਯੋਗ ਨਾਲ ਆਉਦੇ ਕਈ ਦਿਨਾਂ ਤੱਕ ਸੇਵਾ ਜਾਰੀ ਰੱਖਾਗੇ। ਇਸ ਮੌਕੇ ਬਾਬਾ ਦਿਲਬਾਗ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਅਮਰਦਾਸ ਜੀ, ਸ੍ਰੌਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਟੇਟ ਡੈਲੀਗੇਟ ਡਾ ਕਾਰਜ ਸਿੰਘ ਧਰਮ ਸਿੰਘ ਵਾਲਾ , ਗੁਰਮੁੱਖ ਸਿੰਘ ਸੰਧੂ , ਜਮੀਅਤ ਉਲਮਾ ਏ ਮੇਵਾਤ, ਹਾਸਮ ਕਟਾਰੀਆ, ਸਾਹਿਬ ਕਟਾਰੀਆ, ਅਬਦੁਲ ਰਹਿਮਾਨ ਕਟਾਰੀਆ, ਰਫੀਕ ਕਟਾਰੀਆ, ਅਖਤਰ ਹੁਸੈਨ, ਪ੍ਰਵੇਜ਼ ਕਟਾਰੀਆ, ਜਗਮਿੰਦਰ ਸਿੰਘ ਵਿਰਕ ਭਾਈ ਹਰਪਾਲ ਸਿੰਘ ਮੱਖੂ , ਅਮਰਜੀਤ ਸਿੰਘ ਮੌਜਗੜ੍ਹ, ਵਿਰਸਾ ਸਿੰਘ ਮੌਜਗੜ੍ਹ, ਨਿਸਾਨ ਸਿੰਘ ਮੌਜਗੜ੍ਹ, ਕਾਲਾ ਮੌਜਗੜ੍ਹ, ਵਿਸੇਸ਼ ਤੌਰ ਤੇ ਹਾਜਰ ਸਨ।

### ਹੜ ਪੀੜਤ ਪਰਿਵਾਰਾ ਦੀ ਸਹਾਇਤਾ ਲਈ ਮੱਖੂ ਵਿਖੇ ਹੜ੍ਹ ਰਾਹਤ ਕੈਂਪ ਤੋਂ

# ਲੋੜਵੰਦ ਪ੍ਰਭਾਵਿਤ ਇਲਾਕਿਆ ਵਿੱਚ ਸਹਾਇਤਾ ਜਾਰੀ : ਕਰਨੈਲ ਸਿੰਘ ਪੀਰਮੁਹੰਮਦ

## ਲੋੜਵੰਦ ਸਹਾਇਤਾ ਕੇਦਰ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਅੰਮ੍ਰਿਤਸਰ ਰੋਡ ਮੱਖੂ ਵਿਖੇ ਸਥਾਪਿਤ ਕੀਤਾ ਗਿਆ ਹੈ


















(ਹੋਰ ਤਸਵੀਰਾਂ ਅਗਲੇ ਪੰਨਿਆਂ ’ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਹੜ ਪੀੜਤ ਪਰਿਵਾਰਾ ਦੀ ਸਹਾਇਤਾ ਲਈ ਮੱਖੂ ਵਿਖੇ ਹੜ੍ਹ ਰਾਹਤ ਕੈਂਪ ਤੋਂ

# ਲੋੜਵੰਦ ਪ੍ਰਭਾਵਿਤ ਇਲਾਕਿਆ ਵਿੱਚ ਸਹਾਇਤਾ ਜਾਰੀ : ਕਰਨੈਲ ਸਿੰਘ ਪੀਰਮੁਹੰਮਦ

## ਲੋੜਵੰਦ ਸਹਾਇਤਾ ਕੇਦਰ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਅੰਮ੍ਰਿਤਸਰ ਰੋਡ ਮੱਖੂ ਵਿਖੇ ਸਥਾਪਿਤ ਕੀਤਾ ਗਿਆ ਹੈ
















ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਨੇਪਾਲ ਵਿੱਚ ਵਿਦੇਸ਼ੀ ਤਾਕਤਾਂ ਦਾ ਇਕੱਠ

# ਨੇਤਾਵਾਂ ਦੀ ਬਿਨਾ ਅਸੂਲਾਂ ਦੀ ਰਾਜਨੀਤੀ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ - ਐਡਵੋਕੇਟ ਬਿਕਰਮਜੀਤ ਪਾਸੀ



ਪਹਿਲਾਂ ਬੰਗਲਾਦੇਸ਼ ਹੁਣ ਨੇਪਾਲ, ਨੇਪਾਲ ਦੀ ਚਿੰਤਾਜਨਕ ਤਸਵੀਰਾਂ, ਹਿੰਸਾ, ਆਗਜ਼ਨੀ, ਤਖ਼ਤਾ ਪਲਟ, ਨੇਤਾਵਾਂ 'ਤੇ ਹਮਲੇ, ਲੋਕਾਂ ਦਾ ਗੁੱਸਾ, ਲੂਟ, ਦੇਸ਼ ਵਿੱਚ ਅਸਥਿਰਤਾ। ਸਾਡੇ ਪਿਆਰੇ ਭਾਰਤ ਵਿੱਚ ਵੀ ਕੁਝ ਲੋਕ ਖੁਸ਼ ਹੋ ਰਹੇ ਹਨ, ਵਾਮਪੰਥੀਆਂ ਦੀ

ਆਵਾਜ਼ਿ ਕੌਮ AWAZE QAUM International Newspaper & WEB TV

ਹਾਰ ਮੰਨ ਰਹੇ ਹਨ, ਪਰ ਕੀ ਅਸਲ ਮਾਇਨਿਆਂ ਵਿੱਚ ਐਸਾ ਸੀ ? ਮੇਰੀ ਨਜ਼ਰ ਵਿੱਚ ਨਹੀਂ। ਨੇਪਾਲ ਵਿੱਚ ਜੇ ਕੁਝ ਸੀ ਤਾਂ ਵਿਦੇਸ਼ੀ ਤਾਕਤਾਂ ਦਾ ਇਕੱਠ, ਨੇਤਾਵਾਂ ਦੀ ਬਿਨਾ ਉਸੂਲਾਂ ਦੀ ਰਾਜਨੀਤੀ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ। ਯੋਗ ਯੁਵਾਂ ਦੀ ਅਣਦੇਖੀ, ਬੇਚੈਨੀ, ਨੇਤਾਵਾਂ ਦੇ ਬੱਚਿਆਂ ਦੀ ਅਯਾਸ਼ੀ, ਸੋਸ਼ਲ ਮੀਡੀਆ 'ਤੇ ਆ ਰਹੀਆਂ ਖ਼ਬਰਾਂ, ਸੋਸ਼ਲ ਮੀਡੀਆ 'ਤੇ ਕਾਬੂ ਦੀ ਸਾਜ਼ਿਸ਼। ਦਹਾਕਿਆਂ ਤੋਂ ਹੌਲੀ ਹੌਲੀ ਪੈਦਾ ਹੋ ਰਿਹਾ ਆਕ੍ਰੋਸ਼, ਸਰਕਾਰਾਂ ਦਾ ਉਸਨੂੰ ਸਮਝ ਨਾ ਪਾਉਣਾ।

ਨੇਪਾਲ ਦਾ ਯੋਗ, ਸੁਪਨੇ ਸੰਜੋਇਆ ਯੁਵਾ ਬੇਰੁਜ਼ਗਾਰੀ ਅਤੇ ਗਰੀਬੀ ਨਾਲ ਗ੍ਰਸਤ ਸੀ ਤੇ ਸਾਹਮਣੇ ਦੇਖ ਰਿਹਾ ਸੀ ਅਮੀਰਾਂ, ਨੇਤਾਵਾਂ ਦੀ ਅਯਾਸ਼ੀ। ਹਜ਼ਾਰਾਂ ਨੇਪਾਲੀ ਯੁਵਾ ਰੋਜ਼ਗਾਰ ਦੀ ਤਲਾਸ਼ ਵਿੱਚ ਹੋਰ ਦੇਸ਼ਾਂ ਵਿੱਚ ਜਾ ਰਿਹਾ ਸੀ। ਇਥੋਂ ਤੱਕ ਕਿ 30 ਹਜ਼ਾਰ ਤੋਂ ਵੱਧ ਨੇਪਾਲੀ ਨੌਜਵਾਨ ਰੂਸ ਦੀ ਪਾਸੇ ਤੋਂ ਯੂਕਰੇਨ ਵਿੱਚ ਲੜ ਰਹੇ ਹਨ। 5 ਹਜ਼ਾਰ ਡਾਲਰ ਮਹੀਨਾ, ਰਹਿਣਾ-ਖਾਣਾ, ਮਾਰੇ ਗਏ ਜਾਂ ਵਿਕਲਾਂਗ ਹੋਏ ਤਾਂ ਚੰਗਾ ਬੋਨਸ। ਕੁਝ ਹਜ਼ਾਰ ਨੇਪਾਲੀ ਯੂਕਰੇਨੀ ਫੌਜ ਦੀ ਪਾਸੇ ਤੋਂ ਰੂਸੀਆਂ ਨਾਲ ਲੜ ਰਹੇ ਹਨ। ਕਾਫ਼ੀ ਸਮੇਂ ਤੋਂ ਭਾਰਤ ਅਤੇ ਬ੍ਰਿਟੇਨ ਦੀ ਫੌਜ ਵਿੱਚ ਤਾਂ ਉਨ੍ਹਾਂ ਨੂੰ ਬਕਾਇਦਾ ਭਰਤੀ ਕੀਤਾ ਜਾਂਦਾ ਹੈ। ਗੋਰਖਾ ਰੈਜੀਮੈਂਟ ਬਣੀ ਹੈ। ਇਹ ਸਨਮਾਨਜਨਕ ਹੈ। ਭਾੜੇ ਦਾ ਕੰਟ੍ਰੈਕਟ ਫੌਜੀ ਬਣਨਾ ਥੋੜ੍ਹਾ ਅਸਨਮਾਨਜਨਕ ਹੈ। ਪਰ ਪੈਸਾ ਬਹੁਤ ਹੈ। ਅਤੇ ਰੋਜ਼ਗਾਰ ਨੂੰ ਤਰਸਦੇ ਯੁਵਾ ਲਈ ਹਥਿਆਰ ਚੁੱਕਣਾ ਮਜ਼ਬੂਰੀ ਹੈ। 20 ਸਾਲ ਪਹਿਲਾਂ ਚੀਨ ਦੀ ਕੁਟਿਲ ਨੀਤੀ ਕਾਰਨ ਬਗਾਵਤ ਹੋਈ, ਮਾਓਵਾਦੀਆਂ ਲਈ ਹਥਿਆਰ ਚੁੱਕੇ ਗਏ। ਫਿਰ ਰਾਜਸ਼ਾਹੀ ਉਖਾੜ ਦਿੱਤੀ। ਉਨ੍ਹਾਂ ਨੂੰ ਚੰਗੇ ਦਿਨਾਂ ਦੀ ਆਸ ਸੀ, ਜੋ ਕਦੇ ਆਏ ਨਹੀਂ। ਨੇਪਾਲ ਦੀ ਅਸਲ ਸੋਚ, ਹਿੰਦੂ ਦੇਸ਼ ਹੋਣ ਦੀ, ਸਭ ਮਿਟਾਉਣ ਦੀ ਕੋਸ਼ਿਸ਼ ਹੋਈ।

ਨੇਪਾਲੀ ਮਾਓਵਾਦੀ ਆਪਸੀ ਬਿਖਰਾਅ ਦੇ ਬਾਵਜੂਦ ਸੱਤਾ ਦੇ ਲਾਲਚ ਵਿੱਚ ਗਠਜੋੜ ਬਣਾਕੇ ਪ੍ਰਚੰਡ, ਦੇਉਬਾ ਅਤੇ ਔਲੀ ਸੱਤਾ ਵਿੱਚ ਆਉਂਦੇ ਰਹੇ। ਫਿਰ ਪਾਰਟੀਆਂ ਇਧਰ-ਉਧਰ ਹੁੰਦੀਆਂ, ਨਵੀਂ ਸਰਕਾਰ, ਨਵਾਂ ਪ੍ਰਧਾਨ ਮੰਤਰੀ, ਬਿਨਾ ਉਸੂਲਾਂ ਦੀ ਰਾਜਨੀਤੀ, ਸਿਰਫ਼ ਕੁਰਸੀ ਦੀ ਲਾਲਸਾ। ਨੇਪਾਲ ਵਿੱਚ ਕੋਈ ਅਸਲ ਵਿਰੋਧ ਨਹੀਂ। ਬਾਰੀ-ਬਾਰੀ, ਆਪਸੀ ਸੈਟਿੰਗ ਨਾਲ ਸਾਰੇ ਸੱਤਾ ਦੀ ਮਲਾਈ ਖਾਂਦੇ ਰਹੇ। ਸਾਰੇ ਦੇ ਭ੍ਰਿਸ਼ਟਾਚਾਰ ਦੇ ਕਿਹਾਣੇ ਹਵਾ ਵਿੱਚ ਤੈਰਦੇ ਰਹੇ।

ਚੀਨ ਦਾ ਵੱਡਾ ਇਨਵੈਸਟਮੈਂਟ ਆਇਆ, ਤੇ ਧਨ, ਠੇਕੇ, ਪ੍ਰੋਜੈਕਟ ਦੀ ਲੁੱਟ ਮਚੀ। ਨੇਪਾਲੀ ਯੁਵਾ ਵਿਦੇਸ਼ਾਂ ਵਿੱਚ ਛੋਟੇ ਮੋਟੇ ਕੰਮ ਲੱਭਦਾ ਰਿਹਾ। ਰਿਫਿਊਜੀ ਦਰਜਾ ਲੈ ਕੇ ਵਿਦੇਸ਼ ਜਾਣ ਲੱਗਾ। ਤਾਂ ਨੇਤਾਵਾਂ ਨੇ ਰਿਫਿਊਜੀ ਸਾਬਤ ਕਰਨ ਦੇ ਦਸਤਾਵੇਜ਼ ਵੇਚਣ ਦਾ ਧੰਦਾ ਬਣਾ ਲਿਆ।

ਜਦੋਂ ਗਰੀਬ ਦੇ ਬੱਚਿਆਂ ਦੇ ਤਾਬੂਤ ਆਉਂਦੇ ਅਤੇ ਨੇਤਾਵਾਂ ਦੇ ਬੱਚਿਆਂ ਦੀਆਂ ਵਿਦੇਸ਼ਾਂ ਵਿੱਚ ਅਯਾਸ਼ੀ ਭਰੀਆਂ ਤਸਵੀਰਾਂ, ਉਸਦੀ ਆਲੋਚਨਾ ਅਤੇ ਗੁੱਸਾ ਸੋਸ਼ਲ ਮੀਡੀਆ 'ਤੇ ਦਿਖਣ ਲੱਗਾ।

ਸਰਕਾਰ ਨੂੰ ਹਾਲਾਤ ਸਮਝਣੇ ਚਾਹੀਦੇ ਸਨ, ਲੋਕਾਂ ਦੀ ਭਲਾਈ ਲਈ ਕੰਮ ਕਰਨੇ ਚਾਹੀਦੇ ਸਨ, ਰਾਹਤ ਦੀਆਂ, ਰੋਜ਼ਗਾਰ ਦੀਆਂ ਸਕੀਮਾਂ ਲਿਆਉਣੀਆਂ ਚਾਹੀਦੀਆਂ ਸਨ। ਪਰ ਸਰਕਾਰ ਨੇ ਇੱਥੇ ਵੀ ਚੀਨ ਦੀ ਨੀਤੀ ਅਪਣਾਈ, ਤਾਨਾਸ਼ਾਹੀ ਚੁਣੀ। ਜਿਵੇਂ ਚੀਨ ਨੇ ਟੈਂਕ ਚੜ੍ਹਾ ਕੇ ਵਿਦਿਆਰਥੀਆਂ ਨੂੰ ਕੁਚਲਿਆ ਸੀ, ਉਸੇ ਤਰ੍ਹਾਂ ਦੀ ਨੀਤੀ ਅਪਣਾਈ।

ਸਰਕਾਰ ਨੇ ਕਾਨੂੰਨ ਲਿਆਇਆ ਕਿ ਸਾਰੇ ਵਿਦੇਸ਼ੀ ਸੋਸ਼ਲ ਮੀਡੀਆ ਪਲੇਟਫਾਰਮ ਆਪਣਾ ਰਜਿਸਟ੍ਰੇਸ਼ਨ ਕਰਵਾਉਣ। ਟਵਿੱਟਰ, ਫੇਸਬੁੱਕ, ਇੰਸਟਾਗ੍ਰਾਮ, ਸਨੈਪਚੈਟ ਸਮੇਤ 25 ਪਲੇਟਫਾਰਮ ਬੈਨ ਹੋ ਗਏ। ਇਸਦਾ ਵਿਰੋਧ ਕਰਨ ਲਈ ਕੁਝ ਵਿਦਿਆਰਥੀਆਂ ਨੇ ਜਲੂਸ ਕੱਢਿਆ। ਸੰਸਦ ਵੱਲ ਤਖ਼ਤੀਆਂ ਲੈ ਕੇ ਵਧੇ। 15-20-22 ਸਾਲ ਦੇ ਬੱਚੇ। ਉਨ੍ਹਾਂ 'ਤੇ ਲਾਠੀਚਾਰਜ ਹੋਇਆ। ਉਹ ਭੱਜੇ, ਕੁਝ ਸੰਸਦ ਪਰਿਸਰ ਵਿੱਚ ਛੁਪਣ ਲੱਗੇ। ਇਨ੍ਹਾਂ ਨੂੰ ਸਿੱਧੀ ਗੋਲੀ ਮਾਰ ਦਿੱਤੀ ਗਈ। 22 ਮੌਤਾਂ ਵਿੱਚ ਇਕ 12 ਸਾਲ ਦਾ ਬੱਚਾ ਵੀ ਸੀ। ਹੋ ਸਕਦਾ ਹੈ ਵਿਦੇਸ਼ੀ ਤਾਕਤਾਂ ਨੇ ਇਨ੍ਹਾਂ ਹਾਲਾਤਾਂ ਦਾ ਫ਼ਾਇਦਾ ਉਠਾਇਆ ਹੋਵੇ, ਪਰ ਇਸ ਤਰ੍ਹਾਂ ਦੀ ਤਾਨਾਸ਼ਾਹੀ ਕਾਰਵਾਈ ਨਾਲ ਲੋਕਾਂ ਵਿੱਚ ਗੁੱਸਾ ਫੁੱਟ ਪਿਆ। ਇਕ ਤਾਂ ਚੋਰੀ, ਉਸ 'ਤੇ ਸੀਨਾਜ਼ੋਰੀ। ਹਤਿਆਕਾਂਡ ਦੀ ਖ਼ਬਰ ਫੈਲਦੇ ਹੀ ਪੂਰਾ ਕਾਠਮੰਡੂ ਉਮੜ ਪਿਆ। ਵੇਖਦੇ ਹੀ ਵੇਖਦੇ ਦੰਗੇ, ਆਗਜ਼ਨੀ, ਅਰਾਜਕਤਾ ਫੈਲ ਗਈ। ਹਾਲਾਤ ਕੰਟਰੋਲ ਤੋਂ ਬਾਹਰ ਹੋ ਗਏ। ਸਰਕਾਰ ਨੂੰ ਅਸਤੀਫ਼ਾ ਦੇਣਾ ਪਿਆ।

ਭਾਰਤ ਵਿੱਚ ਬੈਠੇ ਮੂਰਖ ਖੁਸ਼ ਹਨ। ਪਰ ਕੀ ਇਹ ਸੱਚਮੁੱਚ ਖੁਸ਼ੀ ਦੀ ਗੱਲ ਹੈ ਜਾਂ ਚਿੰਤਾ ਦੀ ?

ਨਿਸ਼ਚਿਤ ਤੌਰ 'ਤੇ ਚਿੰਤਾ ਦੀ।

ਕੀ ਭਾਰਤ ਵਿੱਚ ਯੁਵਾ ਬੇਰੁਜ਼ਗਾਰ ਨਹੀਂ ?

ਕੀ ਭਾਰਤ ਵਿੱਚ ਸੋਸ਼ਲ ਮੀਡੀਆ ਨਹੀਂ ?

ਕੀ ਭਾਰਤ ਵਿੱਚ ਲੋਕ ਕਰਪਸ਼ਨ ਨਾਲ ਪੀੜਤ ਨਹੀਂ ?

ਕੀ ਨੇਤਾਵਾਂ ਦੀ ਵਧਦੀ ਜਾਇਦਾਦ, ਉਨ੍ਹਾਂ ਦੀ ਅਯਾਸ਼ੀ, ਉਨ੍ਹਾਂ ਦੇ ਬੱਚਿਆਂ ਦੀ ਸ਼ਾਹੀ ਜ਼ਿੰਦਗੀ, ਹਰ ਖੇਤਰ ਵਿੱਚ ਰਾਜਨੀਤਿਕ ਦਖ਼ਲਅੰਦਾਜ਼ੀ, ਇਥੋਂ ਤੱਕ ਕਿ ਨਿਆਂ ਪ੍ਰਣਾਲੀ ਵਿੱਚ ਰਾਜਨੀਤਿਕ ਨਿਯੁਕਤੀਆਂ — ਸਭ ਕੁਝ ਲੋਕਾਂ ਨੂੰ ਪਤਾ ਨਹੀਂ ਚੱਲ ਰਿਹਾ ?

ਅਗਨੀਵੀਰ ਵਰਗੀਆਂ ਯੋਜਨਾਵਾਂ ਨਾਲ ਅਸੁਰੱਖਿਤ ਭਵਿੱਖ, ਰੋਜ਼ਗਾਰ ਦੀ ਕਮੀ — ਚਿੰਤਾਜਨਕ ਹੈ।

ਇੱਥੇ ਵੀ ਜੋ ਚੋਣ ਤੋਂ ਪਹਿਲਾਂ "ਜਨਤਾ ਦਾ ਸੇਵਕ" ਕਹਿੰਦਾ ਉਹ ਜਿੱਤਣ ਤੋਂ ਬਾਅਦ "ਰਾਜਾ" ਬਣ ਜਾਂਦਾ ਹੈ।

ਭਾਰਤ ਨੂੰ ਇਹਨਾਂ ਚੀਜ਼ਾਂ ਨੂੰ ਸਮਝਣਾ ਪਵੇਗਾ। ਸਾਡੇ ਦੇਸ਼ ਵਿੱਚ ਵੀ ਵਿਦੇਸ਼ੀ ਹੱਥਾਂ ਵਿੱਚ ਖੇਡਣ ਵਾਲਿਆਂ ਦੀ ਕਮੀ ਨਹੀਂ। ਉਨ੍ਹਾਂ ਨੂੰ ਪਛਾਣਨਾ ਪਵੇਗਾ।

ਭਾਰਤ ਇਕੱਠਾ ਰਹੇਗਾ ਤਾਂ ਹੀ ਵਿਦੇਸ਼ੀ ਤਾਕਤਾਂ ਕਮਜ਼ੋਰ ਰਹਿਣਗੀਆਂ।

ਭਾਰਤ ਇਕੱਠਾ ਰਹੇਗਾ ਜਦੋਂ ਲੋਕਾਂ ਦਾ ਭਰੋਸਾ ਸਰਕਾਰਾਂ 'ਤੇ, ਪ੍ਰਣਾਲੀ 'ਤੇ ਬਣਿਆ ਰਹੇਗਾ।

ਯੁਵਾ ਨੂੰ ਰੋਜ਼ਗਾਰ ਦੀ ਕਿਰਨ ਦਿਖਾਈ ਦੇਵੇਗੀ, ਰੋਜ਼ਗਾਰ ਮਿਲੇਗਾ।

ਸਾਨੂੰ ਬੰਗਲਾਦੇਸ਼ ਅਤੇ ਨੇਪਾਲ ਤੋਂ ਸਬਕ ਲੈਣ ਦੀ ਲੋੜ ਹੈ।

ਜਦੋਂ ਸਰਕਾਰਾਂ ਸਮਾਜ ਦੀਆਂ ਗਹਿਰੀਆਂ ਚਿੰਤਾਵਾਂ ਅਤੇ ਪੀੜਾਵਾਂ ਨੂੰ ਅਣਦੇਖਾ ਕਰਦੀਆਂ ਹਨ, ਆਪਣੇ ਹੀ ਸੁਪਨਲੋਕ ਵਿੱਚ ਜੀਵਦੀਆਂ ਹਨ, ਤਾਨਾਸ਼ਾਹੀ ਨਾਲ ਆਵਾਜ਼ ਦਬਾਉਂਦੀਆਂ ਹਨ,

ਤਾਂ ਉਹੀ ਗਲਤੀਆਂ ਹੁੰਦੀਆਂ ਹਨ ਜੋ ਨੇਪਾਲ ਨੇ ਕੀਤੀਆਂ। ਸੰਭਲਣ ਦਾ ਸਮਾਂ ਹੈ।

ਇਹ ਠੀਕ ਹੈ ਕਿ ਭਾਰਤੀ ਸਮਾਜ ਦੀ ਤਾਸੀਰ ਨੇਪਾਲ, ਬੰਗਲਾਦੇਸ਼, ਸ਼੍ਰੀਲੰਕਾ, ਮਾਲਦੀਵ ਜਾਂ ਪਾਕਿਸਤਾਨ ਵਰਗੀ ਨਹੀਂ। ਇਸਦਾ ਲਾਵਾ ਜਲਦੀ ਨਹੀਂ ਫੁੱਟਦਾ। ਪਰ ਜਲਦੀ ਠੰਡਾ ਵੀ ਨਹੀਂ ਹੁੰਦਾ।

ਬੇਰੁਜ਼ਗਾਰੀ, ਮਹਿੰਗਾਈ, ਮੂਰਖਤਾਪੂਰਣ ਟੈਕਸ, ਦਿਸ਼ਾਹੀਣ ਵਿਦੇਸ਼ ਨੀਤੀ, ਅਜੀਬ ਮੌਦ੍ਰਿਕ ਨੀਤੀ, ਅਰਥਨੀਤੀ ਅਤੇ ਵਪਾਰ — ਹਰ ਸੰਸਥਾ ਵਿੱਚ ਦਖ਼ਲਅੰਦਾਜ਼ੀ, ਲੋਕਾਂ ਦਾ ਨਿਆਂ ਪ੍ਰਣਾਲੀ 'ਤੇ ਵੀ ਸ਼ੱਕੀ ਹੋਣਾ, ਅੱਜ ਨਹੀਂ ਤਾਂ ਕੱਲ੍ਹ ਗੁੱਸੇ ਦਾ ਕਾਰਨ ਬਣ ਸਕਦਾ ਹੈ।

ਮੈਨੂੰ ਇਹ ਲਿਖਣ ਵਿੱਚ ਕੋਈ ਅਪਤੀ ਨਹੀਂ ਕਿ ਰਾਜਨੀਤੀ ਅਤੇ ਰਾਜਨੇਤਾ ਜਨਤਾ ਦੀ ਨਜ਼ਰ ਵਿੱਚ ਭਰੋਸਾ ਖੋ ਚੁੱਕੇ ਹਨ।

ਲੋਕ ਕਿੰਨਾ ਸਮਾਂ ਜਾਤ-ਧਰਮ ਦੇ ਝਗੜਿਆਂ ਵਿੱਚ ਉਲਝੇ ਰਹਿਣਗੇ ?

ਇਕ ਦਿਨ ਤਾਂ ਆਰਥਿਕ ਨੀਤੀਆਂ ਦਾ ਦੁਸ਼ਪ੍ਰਭਾਵ, ਅਮੀਰ-ਗਰੀਬ ਵਿੱਚ ਵਧਦੀ ਖਾਈ ਉਨ੍ਹਾਂ ਨੂੰ ਸਮਝ ਆਵੇਗੀ।

ਦੇਸ਼ ਨੂੰ ਉਸ ਹਾਲਤ ਤੋਂ ਬਚਾਉਣਾ ਜ਼ਰੂਰੀ ਹੈ।

ਰੋਜ਼ਗਾਰ ਦੇਣ ਵਾਲੀ, ਦੇਸ਼ ਨੂੰ ਇਕੱਠਾ ਅਤੇ ਵਿਕਾਸ ਦੇਣ ਵਾਲੀ ਰਾਜਨੀਤੀ ਕਰਨੀ ਪਵੇਗੀ।

ਆਪਣੇ ਪਰਿਵਾਰਾਂ ਨੂੰ ਛੱਡ ਕੇ ਜਨਤਾ ਦੀ ਭਲਾਈ ਦਾ ਸੋਚਣਾ ਪਵੇਗਾ।

ਹਰ ਪਾਲੀਟਿਕਲ ਪਾਰਟੀ ਨੂੰ ਆਪਣੇ ਭ੍ਰਿਸ਼ਟ ਨੇਤਾਵਾਂ ਤੋਂ ਦੂਰ ਕਰਨਾ ਪਵੇਗਾ।

ਜਨਤਾ ਦੀਆਂ ਚਿੰਤਾਵਾਂ ਨੂੰ ਅਣਦੇਖਾ ਕਰਨਾ ਦੇਸ਼ ਹਿੱਤ ਵਿੱਚ ਨਹੀਂ।

ਅੱਜ ਜਨਤਾ ਹਰ ਨੇਤਾ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੀ ਹੈ।

ਈਮਾਨਦਾਰੀ ਨਾਲ ਜ਼ਿੰਦਗੀ ਜੀਣ ਵਾਲੇ ਅੱਜ ਠੱਗੇ ਹੋਏ ਮਹਿਸੂਸ ਕਰਦੇ ਹਨ।

ਨਫ਼ਰਤ ਅਤੇ ਟੁੱਟ ਦੀ ਰਾਜਨੀਤੀ ਦੇਸ਼ ਨੂੰ ਨੁਕਸਾਨ ਹੀ ਕਰਦੀ ਹੈ।

ਲੋਕਾਂ ਦਾ ਨਿਆਂ ਪ੍ਰਣਾਲੀ 'ਤੇ ਭਰੋਸਾ ਬਣਾਉਣਾ ਪਵੇਗਾ।

ਭ੍ਰਿਸ਼ਟਾਚਾਰ, ਰਾਜਨੀਤਿਕ ਦਖ਼ਲ, ਰਾਜਨੀਤਿਕ ਨਿਯੁਕਤੀਆਂ — ਨਿਆਂ ਪ੍ਰਣਾਲੀ ਪ੍ਰਤੀ ਅਵਿਸ਼ਵਾਸ ਪੈਦਾ ਕਰਦੀਆਂ ਹਨ ਜੋ ਸਭ ਤੋਂ ਖ਼ਤਰਨਾਕ ਹੈ।

ਭਾਰਤ ਦਾ ਜੋ ਯੁਵਾ ਦੇਸ਼ ਸੇਵਾ ਵਿੱਚ ਸੈਨਿਕ ਬਣਨਾ ਚਾਹੁੰਦਾ ਸੀ, ਉਸਨੂੰ ਅਗਨੀਵੀਰ ਵਰਗੀਆਂ ਸ਼ੱਕ ਪੈਦਾ ਕਰਨ ਵਾਲੀਆਂ ਯੋਜਨਾਵਾਂ ਦੇ ਦਿੱਤੀਆਂ ਗਈਆਂ। ਉਸਦਾ ਭਵਿੱਖ ਅਸੁਰੱਖਿਤ ਕਰ ਦਿੱਤਾ।

10 ਸਾਲਾਂ ਵਿੱਚ ਦੁਨੀਆ ਦੇ ਕਾਨਫ਼ਲਿਕਟ ਜ਼ੋਨਾਂ ਵਿੱਚ ਸਾਡੇ ਬੱਚੇ ਲੜਦੇ ਦਿਖਣਗੇ।

ਜਾਗੋ ਨੇਤਾਓ ਜਾਗੋ,
ਪੂਰੀ ਦੁਨੀਆਂ ਦੀ ਹਾਲਤ ਸਮਝੋ।
ਹੁਣ ਤਾਂ ਦੇਸ਼ ਸੰਭਾਲੋ,
ਜਲ ਰਹੇ ਹਨ ਕਈ ਦੇਸ਼,
ਆਪਣਾ ਤਾਂ ਦੇਸ਼ ਬਚਾਲੋ।
ਮਜ਼ਬੂਤ ਰਹਾਂਗੇ, ਨਾਲ ਰਹਾਂਗੇ,
ਜਦ ਲਾਲਚ ਸਾਰੇ ਮਿਟਾਉਂਗੇ।
ਰੋਜ਼ਗਾਰ ਮਿਲੇਗਾ ਯੁਵਾਂ ਨੂੰ,
ਈਮਾਨਦਾਰਾਂ ਨੂੰ ਅੱਗੇ ਲਿਆਓਗੇ।

**-ਬਿਕਰਮਜੀਤ ਪਾਸੀ ਐਡਵੋਕੇਟ**

## ਸਾਰਾਗੜ੍ਹੀ ਦਿਵਸ — ਬਹਾਦਰੀ ਦੀ ਅਦੁੱਤੀ ਮਿਸਾਲ



**ਅੱਜ, 12 ਸਤੰਬਰ**, ਸਾਰਾਗੜ੍ਹੀ ਦਿਵਸ ਦੇ ਮੌਕੇ 'ਤੇ ਅਸੀਂ ਉਹਨਾਂ 21 ਸਿੱਖ ਸੂਰਬੀਰਾਂ ਨੂੰ ਪ੍ਰਣਾਮ ਕਰਦੇ ਹਾਂ ਜਿਨ੍ਹਾਂ ਨੇ 1897 ਵਿੱਚ ਆਪਣੀ ਅਦੁੱਤੀ ਸ਼ਹਾਦਤ ਨਾਲ ਇਤਿਹਾਸ ਵਿੱਚ ਅਮਰਤਾ ਹਾਸਲ ਕੀਤੀ। ਸਾਰਾਗੜ੍ਹੀ ਦੀ ਜੰਗ ਕੇਵਲ ਇਕ ਸੈਨਿਕ ਮੁਕਾਬਲਾ ਨਹੀਂ ਸੀ, ਇਹ ਅਟੱਲ ਹੌਸਲੇ ਅਤੇ ਸੱਚੀ

ਆਵਾਜ਼ਿ ਕੌਮ AWAZE QAUM International Newspaper & WEB TV

ਨਿਭਾਅ ਦਾ ਪ੍ਰਤੀਕ ਸੀ। 21 ਸਿੱਖ ਜਵਾਨਾਂ ਨੇ 10 ਹਜ਼ਾਰ ਅਫ਼ਗਾਨਾਂ ਦੇ ਸਾਹਮਣੇ ਆਪਣੇ ਪੈਰਾਂ ਤਲੇ ਧਰਤੀ ਹਿਲਣ ਨਹੀਂ ਦਿੱਤੀ। ਮੌਤ ਦੇ ਸਾਹਮਣੇ ਵੀ ਉਨ੍ਹਾਂ ਨੇ ਫ਼ਰਜ਼ ਨੂੰ ਧਰਮ ਮੰਨ ਕੇ ਨਿਭਾਇਆ ਅਤੇ ਸਾਬਤ ਕੀਤਾ ਕਿ ਸਿੱਖੀ ਦੀ ਰੂਹ ਸਦਾ ਅਨਿਆਇ ਦੇ ਖ਼ਿਲਾਫ਼ ਖੜੀ ਰਹਿੰਦੀ ਹੈ। ਇਸ ਯੁੱਧ ਦੀ ਮਹਾਨਤਾ ਅੱਜ ਵੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਜਦੋਂ ਮਨੁੱਖ ਸੱਚ, ਫ਼ਰਜ਼ ਅਤੇ ਇਮਾਨਦਾਰੀ ਨਾਲ ਖੜਦਾ ਹੈ, ਤਾਂ ਉਸਦੀ ਗਿਣਤੀ ਨਹੀਂ, ਉਸਦੀ ਸ਼ਹਾਦਤ ਇਤਿਹਾਸ ਬਣਦੀ ਹੈ। ਸਾਰਾਗੜ੍ਹੀ ਦੇ ਸੂਰਬੀਰ ਜਵਾਨਾਂ ਨੇ ਦੁਨੀਆ ਨੂੰ ਦੱਸਿਆ ਕਿ "ਇੱਕ ਸਿੱਖ ਸਵਾ ਲੱਖ ਦੇ ਬਰਾਬਰ" ਕਿਵੇਂ ਬਣਦਾ ਹੈ। ਅੱਜ ਦਾ ਦਿਨ ਸਾਨੂੰ ਇਹ ਵੀ ਸੋਚਣ ਲਈ ਪ੍ਰੇਰਿਤ ਕਰਦਾ ਹੈ ਕਿ ਕੀ ਅਸੀਂ ਉਨ੍ਹਾਂ ਦੀ ਬਹਾਦਰੀ ਤੋਂ ਸਿੱਖ ਕੇ ਆਪਣੇ ਸਮੇਂ ਦੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹਾਂ ? ਸਾਰਾਗੜ੍ਹੀ ਦੀ ਸ਼ਹਾਦਤ ਸਿਰਫ਼ ਇਤਿਹਾਸ ਦੀ ਕਿਤਾਬਾਂ ਵਿੱਚ ਨਹੀਂ, ਸਾਡੇ ਜੀਵਨ ਦੇ ਰਾਹ ਵਿੱਚ ਇਕ ਰੋਸ਼ਨੀ ਵਾਂਗ ਰਹਿੰਦੀ ਹੈ।

**-ਸਰਬਜੀਤ ਸਿੰਘ ਬਨੂੜ**

## ਹੜ੍ਹ ਪੀੜਤ ਕਿਸਾਨੀ ਨੂੰ ਬਚਾਉਣ ਲਈ ਐੱਸ.ਡੀ.ਆਰ.ਐਫ ਦੀਆਂ ਸ਼ਰਤਾਂ ਬਦਲੀਆਂ ਜਾਣ : ਪ੍ਰੋ. ਸਰਚਾਂਦ ਸਿੰਘ ਖਿਆਲਾ

### ਮਠਾਂ ਦੇ ਸ਼ੰਕਰਾਚਾਰੀਆ ਅਤੇ ਪ੍ਰਮੁੱਖ ਹਿੰਦੂ ਮੰਦਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਪੰਜਾਬ ਦੀ ਮਦਦ ਲਈ ਅੱਗੇ ਆਉਣ ਦਾ ਦਿੱਤਾ ਸੱਦਾ



**ਅੰਮ੍ਰਿਤਸਰ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**—ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਹਰਿਆਣਾ ਅਤੇ ਰਾਜਸਥਾਨ ਦੇ ਲੋਕਾਂ ਵੱਲੋਂ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਪੰਜਾਬ 'ਚ ਇਸ ਤ੍ਰਾਸਦੀ ਦੇ ਮੌਕੇ ਹਿੰਦੂ ਧਾਰਮਿਕ ਅਤੇ ਸਮਾਜਕ ਸੰਗਠਨਾਂ, ਖ਼ਾਸ ਕਰਕੇ ਮਠਾਂ ਦੇ ਸ਼ੰਕਰਾਚਾਰੀਆ ਅਤੇ ਪ੍ਰਮੁੱਖ ਹਿੰਦੂ ਮੰਦਰਾਂ ਦੀਆਂ

ਆਵਾਜ਼ਿ ਕੌਮ AWAZE QAUM International Newspaper & WEB TV

ਪ੍ਰਬੰਧਕ ਕਮੇਟੀਆਂ ਨੂੰ ਪੰਜਾਬ ਦੀ ਮਦਦ ਲਈ ਅੱਗੇ ਆਉਣ ਦਾ ਸਦਾ ਦਿੱਤਾ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਮੇਸ਼ਾਂ ਮਨੁੱਖਤਾ ਦੀ ਸੇਵਾ ਦੀ ਮਿਸਾਲ ਕਾਇਮ ਕੀਤੀ ਹੈ। ਸਿੱਖ ਭਾਈਚਾਰਾ ਅਤੇ ਪੰਜਾਬੀਆਂ ਨੇ ਬਿਨਾ ਕਿਸੇ ਭੇਦਭਾਵ, ਜਾਤ-ਪਾਤ, ਧਰਮ ਤੇ ਨਸਲੀ ਵਿਤਕਰੇ ਦੇ ਉੜੀਸਾ, ਉਤਰਾਖੰਡ, ਜੰਮੂ-ਕਸ਼ਮੀਰ, ਗੁਜਰਾਤ ਤੇ ਨੇਪਾਲ ਵਿੱਚ ਆਈਆਂ ਕੁਦਰਤੀ ਆਫ਼ਤਾਂ ਦੌਰਾਨ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ, ਪੀੜਤ ਅਤੇ ਲੋੜਵੰਦਾਂ ਦੀ ਬਾਂਹ ਫੜੀ ਅਤੇ ਪੂਰੇ ਜਜ਼ਬੇ ਨਾਲ ਮਨੁੱਖਤਾ ਦੇ ਦਰਦ ਨੂੰ ਵੰਡਾਉਂਦਿਆਂ ਰਾਹਤ ਕਾਰਜਾਂ 'ਚ ਵੱਧ ਚੜ ਕੇ ਹਿੱਸਾ ਲੈ ਕੇ ਨਿਰਸਵਾਰਥ ਸੇਵਾ ਕੀਤੀ ਹੈ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਹੜ੍ਹਾਂ ਕਾਰਨ ਪੈਦਾ ਹੋਈ ਤਬਾਹੀ ਨੇ ਪੰਜਾਬ ਦੀ ਖੇਤੀਬਾੜੀ ਅਤੇ ਕਿਸਾਨਾਂ ਸਾਹਮਣੇ ਇਕ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਜੋ ਕਿਸਾਨ ਪਹਿਲਾਂ ਹੀ ਕਰਜ਼ੇ ਦੇ ਬੋਝ ਅਤੇ ਘਟਦੇ ਖੇਤੀ ਲਾਭ ਕਾਰਨ ਖ਼ੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ, ਉਨ੍ਹਾਂ ਨੂੰ ਹੁਣ ਇਸ ਆਫ਼ਤ ਨੇ ਮਾਨਸਿਕ ਅਤੇ ਆਰਥਿਕ ਤੌਰ 'ਤੇ ਅਜਿਹਾ ਝਟਕਾ ਦਿੱਤਾ ਹੈ ਕਿ ਉਹ ਲੰਮੇ ਸਮੇਂ ਤੱਕ ਇਸ ਤਬਾਹੀ ਤੋਂ ਸੰਭਲ ਨਹੀਂ ਸਕਣਗੇ।

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਕਿਸਾਨਾਂ ਨੂੰ ਹੋਏ ਭਾਰੀ ਨੁਕਸਾਨ ਦੀ ਭਰਪਾਈ ਲਈ ਮੁਆਵਜ਼ੇ ਦੀ ਸੀਮਾ ਵਧਾਉਣ ਲਈ ਸਟੇਟ ਡਿਜ਼ਾਸਟਰ ਰਿਲੀਫ ਫ਼ੰਡ (ਐੱਸ.ਡੀ.ਆਰ.ਐਫ) ਦੇ ਨਿਯਮਾਂ ਅਤੇ ਸ਼ਰਤਾਂ ਵਿੱਚ ਤੁਰੰਤ ਸੋਧ ਕਰੇ ਅਤੇ ਜੇਕਰ ਸੰਭਵ ਹੋਵੇ ਤਾਂ ਇਨ੍ਹਾਂ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਹਟਾ ਕੇ ਕਿਸਾਨਾਂ ਨੂੰ ਅਸਲ ਰਾਹਤ ਪ੍ਰਦਾਨ ਕਰੇ। ਉਨ੍ਹਾਂ ਕਿਹਾ ਕਿ ਐੱਸ.ਡੀ.ਆਰ.ਐਫ ਦੇ ਮੌਜੂਦਾ ਨਿਯਮਾਂ ਤਹਿਤ, ਪ੍ਰਤੀ ਏਕੜ 6800 ਰੁਪਏ ਤੱਕ ਫ਼ਸਲਾਂ ਦੇ ਨੁਕਸਾਨ ਲਈ ਮੁਆਵਜ਼ੇ ਦੀ ਵਿਵਸਥਾ ਬਹੁਤ ਹੀ ਗੈਰ-ਵਾਜਬ ਹੈ, ਇਹ ਕਦੇ ਵੀ ਕਿਸਾਨਾਂ ਦੇ ਭਾਰੀ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦੀ।

ਪ੍ਰੋ. ਖਿਆਲਾ ਨੇ ਕਿਹਾ ਕਿ ਹੜ੍ਹ-ਰੋਕੂ ਪ੍ਰਬੰਧਾਂ ਲਈ ਐੱਸ.ਡੀ.ਆਰ.ਐਫ ਦੀ ਰਕਮ ਨੂੰ ਖ਼ਰਚਣ'ਤੇ ਕੋਈ ਰੋਕ ਨਹੀਂ , ਲੇਕਿਨ ਸੂਬਾ ਸਰਕਾਰ ਆਪਣੀ ਨਾਕਾਮੀ ਨੂੰ ਛੁਪਾਉਣ ਲਈ ਐੱਸ.ਡੀ.ਆਰ.ਐਫ ਦੀਆਂ ਸ਼ਰਤਾਂ ਨੂੰ "ਅੜਿੱਕਾ" ਬਣਾ ਕੇ ਪੇਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸੂਬਾ ਸਰਕਾਰ ਪਹਿਲਾਂ ਹੀ ਹੜ੍ਹ ਰੋਕਥਾਮ ਪ੍ਰਬੰਧਾਂ ਲਈ ਮੌਜੂਦਾ ਆਫ਼ਤ ਫ਼ੰਡ ਖ਼ਰਚ ਕਰ ਦਿੰਦੀ, ਤਾਂ ਅੱਜ ਪੰਜਾਬ ਨੂੰ ਇੰਨੀ ਵੱਡੀ ਆਫ਼ਤ ਦਾ ਸਾਹਮਣਾ ਨਾ ਕਰਨਾ ਪੈਂਦਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਆਪਣੇ ਖ਼ਜ਼ਾਨੇ ਵਿੱਚ ਪਹਿਲਾਂ ਤੋਂ ਪਏ 12,000 ਕਰੋੜ ਰੁਪਏ ਦੇ ਐੱਸ.ਡੀ.ਆਰ.ਐਫਦਾ ਹਿਸਾਬ-ਕਿਤਾਬ ਲੋਕਾਂ ਸਾਹਮਣੇ ਪੇਸ਼ ਕਰਨ ਤੋਂ ਝਿਜਕ ਰਹੀ ਹੈ ਕਿਉਂਕਿ ਇਸ ਨੇ ਕੇਜਰੀਵਾਲ ਦੇ ਦੌਰਿਆਂ 'ਤੇ ਆਪਣੇ ਸਵਾਰਥੀ ਰਾਜਨੀਤਿਕ ਇਸ਼ਿਤਹਾਰਾਂ ਅਤੇ ਬੇਲੋੜੇ ਖ਼ਰਚਿਆਂ ਵਿੱਚ ਇਸ ਰਕਮ ਨੂੰ ਪਹਿਲਾਂ ਹੀ ਬਰਬਾਦ ਕਰ ਦਿੱਤਾ ਹੈ।

ਪ੍ਰੋ. ਖਿਆਲਾ ਨੇ ਦੋਸ਼ ਲਗਾਇਆ ਕਿ ਸੂਬਾ ਸਰਕਾਰ ਦਾ ਆਪਣੇ ਲੋਕਾਂ ਪ੍ਰਤੀ ਇਰਾਦਾ ਸਾਫ਼ ਨਹੀਂ ਹੈ। ਜੇਕਰ ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਵਿੱਚ ਪ੍ਰੀਮੀਅਮ ਰਕਮ ਦੇ ਕਿਸਾਨਾਂ ਦੇ ਹਿੱਸੇ ਵਜੋਂ 32 ਕਰੋੜ ਰੁਪਏ ਜਮ੍ਹਾਂ ਕਰਵਾਏ ਹੁੰਦੇ, ਤਾਂ ਅੱਜ ਹਰ ਕਿਸਾਨ ਨੂੰ 42,000 ਰੁਪਏ ਪ੍ਰਤੀ ਏਕੜ ਬੀਮਾ ਕਵਰ ਵਜੋਂ ਮਿਲ ਸਕਦਾ ਸੀ। ਪਰ ਸੂਬਾ ਸਰਕਾਰ ਦੀ ਲਾਪਰਵਾਹੀ ਨੇ ਪੰਜਾਬ ਦੇ ਕਿਸਾਨਾਂ ਨੂੰ ਇਸ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਹੈ।

ਇਸੇ ਤਰ੍ਹਾਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਸਕੀਮ ਤਹਿਤ ਪੰਜਾਬ ਦੇ 23 ਲੱਖ ਕਿਸਾਨਾਂ ਨੂੰ ਲਾਭ ਮਿਲਣਾ ਸੀ, ਪਰ ਕੇਵਲ 8 ਲੱਖ ਕਿਸਾਨ ਹੀ ਇਸ ਯੋਜਨਾ ਲਈ ਸੀਮਿਤ ਰਹਿ ਗਏ। ਇਸ ਦਾ ਮੁੱਖ ਕਾਰਨ ਰਾਜ ਸਰਕਾਰ ਵੱਲੋਂ ਸਮੇਂ 'ਤੇ ਈ -ਕੇ.ਵਾਈ.ਸੀ. ਨਾ ਕਰਵਾਉਣਾ ਹੈ, ਜੋ ਕਿਸਾਨਾਂ ਨਾਲ ਕੀਤਾ ਸਭ ਤੋਂ ਵੱਡਾ ਧੋਖਾ ਹੈ।

ਅਖੀਰ 'ਚ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਹੜ੍ਹ ਪ੍ਰਭਾਵਿਤ ਪੰਜਾਬ ਲਈ 1600 ਕਰੋੜ ਰੁਪਏ ਦੀ ਤੁਰੰਤ ਰਾਹਤ ਪ੍ਰਦਾਨ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੂਬਾ ਸਰਕਾਰ ਨੂੰ ਹੋਰ ਮਦਦ ਲਈ ਤੁਰੰਤ ਕੇਂਦਰ ਸਰਕਾਰ ਨੂੰ ਇੱਕ ਵਿਸਥਾਰਤ ਪ੍ਰਸਤਾਵ ਭੇਜਣਾ ਚਾਹੀਦਾ ਹੈ। ਉਨ੍ਹਾਂ ਸੂਬਾ ਸਰਕਾਰ ਵੱਲੋਂ ਖੇਤ ਮਜ਼ਦੂਰਾਂ ਅਤੇ ਛੋਟੇ ਵਪਾਰੀਆਂ ਨੂੰ ਹੋਏ ਕਿਸੇ ਵੀ ਨੁਕਸਾਨ ਦਾ ਜ਼ਿਕਰ ਦੇ ਪ੍ਰਧਾਨ ਮੰਤਰੀ ਕੋਲ ਨਾ ਕਰਨ 'ਤੇ ਦੁੱਖ ਪ੍ਰਗਟ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ

# ਦਮਦਮੀ ਟਕਸਾਲ ਦੇ ਰਾਹਤ ਕੈਂਪ ਦਾ ਦੌਰਾ ਕਰ ਸੇਵਾਦਾਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ



**ਮਹਿਤਾ ਚੌਕ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**—ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਅਜਨਾਲਾ ਦੇ ਪਿੰਡ ਬਾਜਵਾ ਵਿੱਚ ਸਥਾਪਿਤ ਵੱਡੇ ਰਾਹਤ ਕੈਂਪ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਦਮਦਮੀ ਟਕਸਾਲ ਵੱਲੋਂ ਚਲਾਏ ਜਾ ਰਹੇ ਰਾਹਤ ਕੈਂਪ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਅਤੇ ਦਿਨ-ਰਾਤ ਸੇਵਾ ਨਿਭਾ ਰਹੀਆਂ ਟੀਮਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਧਾਮੀ ਨੇ ਕਿਹਾ ਕਿ ਇਹ ਸੇਵਾਵਾਂ ਸਿੱਖ ਧਰਮ ਦੇ ਸੇਵਾ-ਸਿਧਾਂਤ ਦੀ ਜੀਵੰਤ ਤਸਵੀਰ ਹਨ। ਉਨ੍ਹਾਂ ਸਮੂਹ ਸਿੱਖ ਸੰਗਤਾਂ ਅਤੇ ਪੰਜਾਬੀ ਭਰਾਵਾਂ ਨੂੰ ਹੜ੍ਹ ਰੂਪ ਆਈ ਇਸ ਭਿਆਨਕ ਆਫ਼ਤ ਨਾਲ ਨਜਿੱਠਣ ਲਈ ਵਧ ਤੋਂ ਵਧ ਸਹਿਯੋਗ ਦੇਣ ਲਈ ਅੱਗੇ ਆਉਣ ਦੀ ਅਪੀਲ ਕੀਤੀ ।

ਆਵਾਜ਼ਿ ਕੌਮ AWAZE QAUM International Newspaper & WEB TV

**ਰਾਹਤ ਕੈਂਪ ਆਮ ਹਾਲਾਤ ਬਣਨ ਤਕ ਜਾਰੀ ਰਹੇਗਾ : ਭਾਈ ਸਾਹਿਬ ਸਿੰਘ ਦਮਦਮੀ ਟਕਸਾਲ**

ਇਸ ਮੌਕੇ ਦਮਦਮੀ ਟਕਸਾਲ ਦੇ ਆਗੂ ਭਾਈ ਸਾਹਬ ਸਿੰਘ ਨੇ ਕਿਹਾ ਕਿ ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਦੀ ਅਗਵਾਈ ਹੇਠ ਸਥਾਪਿਤ ਰਾਹਤ ਕੈਂਪ ਆਮ ਹਾਲਾਤ ਬਣਨ ਤਕ ਨਿਰੰਤਰ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮਿਆਰੀ ਦਵਾਈਆਂ, ਰਸਦਾਂ, ਮੰਜੇ-ਬਿਸਤਰੇ, 24 ਘੰਟੇ ਲੰਗਰ, ਪਸ਼ੂਆਂ ਲਈ ਚਾਰਾ, ਫ਼ਰੀ ਮੈਡੀਕਲ ਕੈਂਪ ਅਤੇ ਹੋਰ ਜ਼ਰੂਰੀ ਸਹੂਲਤਾਂ ਲਗਾਤਾਰ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੋਇਆ ਹੈ, ਜਿਨ੍ਹਾਂ ਦੀਆਂ ਫ਼ਸਲਾਂ ਪੂਰੀ ਤਰ੍ਹਾਂ ਬਰਬਾਦ ਹੋ ਗਈਆਂ ਹਨ। ਦਮਦਮੀ ਟਕਸਾਲ ਨੇ ਕਿਸਾਨਾਂ ਦੀ ਸਹਾਇਤਾ ਲਈ ਖ਼ਾਸ ਤੌਰ 'ਤੇ ਹੱਥ ਅੱਗੇ ਵਧਾਇਆ ਹੈ। ਕੈਂਪ ਰਾਹੀਂ ਲੋਕਾਂ ਦੇ ਖਾਣ-ਪੀਣ ਨਾਲ ਨਾਲ ਪਸ਼ੂਆਂ ਲਈ ਚਾਰੇ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ।

ਇਸ ਦੇ ਨਾਲ ਟਕਸਾਲ ਨਾਲ ਸੰਬੰਧਿਤ ਵਿੱਦਿਅਕ ਅਤੇ ਧਾਰਮਿਕ ਅਦਾਰੇ—ਖ਼ਾਲਸਾ ਅਕੈਡਮੀ, ਖ਼ਾਲਸਾ ਕਾਲਜ ਅਤੇ ਖ਼ਾਲਸਾ ਹਸਪਤਾਲ ਆਦਿ ਦੀਆਂ ਬਰਾਂਚਾਂ ਵੱਲੋਂ ਵੀ ਅਜਨਾਲਾ-ਰਮਦਾਸ ਰੋਡ ਉੱਤੇ ਬਾਜਵਾ ਪਿੰਡ ਨੇੜੇ ਜੀਟੀ ਰੋਡ ਉੱਤੇ ਸਥਾਪਿਤ ਵੱਡੇ ਰਾਹਤ ਕੈਂਪ ਵਿੱਚ ਨਿਰੰਤਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਫ਼ਰੀ ਮੈਡੀਕਲ ਕੈਂਪ ਵਿੱਚ ਤਜਰਬੇਕਾਰ ਡਾਕਟਰਾਂ ਦੀ ਟੀਮ ਵੱਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿੱਥੇ ਲੇਡੀਜ਼ ਡਾਕਟਰਾਂ ਵੱਲੋਂ ਬੀਬੀਆਂ ਦਾ ਖ਼ਾਸ ਖ਼ਿਆਲ ਰੱਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸੰਗਤਾਂ ਅਤੇ ਸੇਵਾਦਾਰਾਂ ਵੱਲੋਂ ਪਿੰਡਾਂ ਵਿੱਚ ਗਰਾਊਂਡ ਜ਼ੀਰੋ 'ਤੇ ਜਾ ਕੇ ਰਾਹਤ ਸਮਗਰੀ ਵੰਡਣ ਦੀ ਸੇਵਾ ਨਿਭਾਈ ਜਾ ਰਹੀ ਹੈ। 24 ਘੰਟੇ ਚੱਲਦੇ ਲੰਗਰ ਵਿੱਚ ਆਉਣ-ਜਾਣ ਵਾਲੀਆਂ ਸੰਗਤਾਂ ਅਤੇ ਨੇੜਲੇ ਪਿੰਡਾਂ ਦੇ ਗ਼ਰੀਬ ਲੋਕ ਭੋਜਨ ਕਰ ਰਹੇ ਹਨ।

ਮਹਾਂਪੁਰਸ਼ਾਂ ਦੇ ਦਿਸ਼ਾ-ਨਿਰਦੇਸ਼ ਹੇਠ ਇਸ ਕੈਂਪ ਵਿੱਚ ਮੈਡੀਕਲ ਸਹੂਲਤਾਂ ਅਤੇ ਰਾਹਤ ਸਮਗਰੀ 24 ਘੰਟੇ ਉਪਲਬਧ ਹਨ, ਜੋ ਮਨੁੱਖਤਾ ਪ੍ਰਤੀ ਟਕਸਾਲ ਦੀ ਨਿਸ਼ਕਾਮ ਭਾਵਨਾ ਨੂੰ ਦਰਸਾਉਂਦੀਆਂ ਹਨ।

ਇਸ ਮੌਕੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਭਾਈ ਸੁਖਦੇਵ ਸਿੰਘ, ਸੰਤ ਬਾਬਾ ਅਜੀਤ ਸਿੰਘ ਤਰਨਾ ਦਲ, ਭਾਈ ਪਰਮਿੰਦਰ ਸਿੰਘ, ਜਥੇਦਾਰ ਚਮਕੌਰ ਸਿੰਘ, ਜਥੇਦਾਰ ਤਰਲੋਚਨ ਸਿੰਘ, ਭਾਈ ਗੁਰਮੁਖ ਸਿੰਘ, ਅਵਤਾਰ ਸਿੰਘ ਬੁੱਟਰ, ਸਰਦਾਰ ਕਰਨਜੀਤ ਸਿੰਘ, ਅਮਰੀਕ ਸਿੰਘ, ਸਰਪੰਚ ਅਮਰੀਕ ਸਿੰਘ, ਜਸਪਾਲ ਸਿੰਘ, ਦਲਜੀਤ ਸਿੰਘ, ਹਰਨੇਕ ਸਿੰਘ , ਰਾਜਵਿੰਦਰ ਸਿੰਘ, ਪ੍ਰਿੰਸੀਪਲ ਜਤਿੰਦਰ ਸ਼ਰਮਾ, ਪ੍ਰਿੰਸੀਪਲ ਗੁਰਦੀਪ ਸਿੰਘ, ਗੁਰਮੁਖ ਸਿੰਘ, ਭਾਈ ਹਰਸ਼ਦੀਪ ਸਿੰਘ ਸਮੇਤ ਕਈ ਮੁਹਤਬਰ ਸਿੰਘ ਵੀ ਮੌਜੂਦ ਸਨ।

### ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਨੈਤਿਕ ਸਿੱਖਿਆ ਪ੍ਰੀਖਿਆ-2025 ਦੇ ਨਤੀਜੇ ਐਲਾਨੇ

# 40 ਸਕੂਲਾਂ ਦੇ 2300 ਵਿਦਿਆਰਥੀਆਂ ਨੇ ਕੀਤੀ ਸੀ ਸ਼ਮੂਲੀਅਤ

**ਤਲਵੰਡੀ ਸਾਬੋ, 12 ਸਤੰਬਰ (ਗੁਰਜੰਟ ਸਿੰਘ ਨਥੇਹਾ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਖੇਤਰ ਤਲਵੰਡੀ ਸਾਬੋ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਨੈਤਿਕ ਸਿੱਖਿਆ ਪ੍ਰੀਖਿਆ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ 40 ਸਕੂਲਾਂ ਦੇ 2300 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਪ੍ਰੀਖਿਆ ਦਾ ਨਤੀਜਾ ਅੱਜ ਸਮੂਹ ਮੈਂਬਰਾਂ ਦੀ ਹਾਜ਼ਰੀ ਵਿੱਚ ਖੇਤਰ ਸਕੱਤਰ ਸਾਬਕਾ ਇੰਸਪੈਕਟਰ ਸ਼ਮਸ਼ੇਰ ਸਿੰਘ ਅਤੇ ਸੀਨੀਅਰ ਮੈਂਬਰ ਪ੍ਰੋ. ਗੁਰਜੀਤ ਸਿੰਘ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਦਸਤਾਰ ਕੋਚ ਲਖਵੀਰ ਸਿੰਘ ਨੱਤ, ਮਾਸਟਰ ਸੁਖਰਾਜ ਸਿੰਘ ਸੰਦੋਹਾ, ਗੁਰਜੰਟ ਸਿੰਘ ਨਥੇਹਾ, ਗੁਰਤੇਜ ਸਿੰਘ ਮਲਕਾਣਾ, ਡਾ. ਗੁਰਵਿੰਦਰ ਸਿੰਘ ਮਾਖਾ ਆਦਿ ਹਾਜ਼ਰ ਸਨ। ਸਮੂਹ ਮੈਂਬਰਾਂ ਨੇ ਪ੍ਰੀਖਿਆ ਵਿੱਚੋਂ ਸਫ਼ਲ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਮਤਿਹਾਨ ਦੇ ਪ੍ਰਾਪਤ ਨਤੀਜਿਆਂ ਅਨੁਸਾਰ ਦਰਜਾ ਦੂਜਾ (6ਵੀਂ ਤੋਂ 8ਵੀਂ) ਵਿਚ ਅਰਪਨ ਸਿੰਘ ਪੁੱਤਰ ਰਣਜੀਤ ਸਿੰਘ, ਅਕਾਲ ਅਕੈਡਮੀ ਭਾਈ ਦੇਸਾ ਨੇ ਪਹਿਲਾ ਸਥਾਨ, ਦਮਨਜੀਤ ਕੌਰ ਪੁੱਤਰੀ ਬੂਟਾ ਸਿੰਘ, ਅਕਾਲ ਅਕੈਡਮੀ ਤਲਵੰਡੀ ਸਾਬੋ ਨੇ ਦੂਸਰਾ ਸਥਾਨ, ਸਹਿਜਵੀਰ ਕੌਰ ਪੁੱਤਰੀ ਹਰਜੀਤ ਸਿੰਘ ਅਕਾਲ ਅਕੈਡਮੀ ਤਲਵੰਡੀ ਸਾਬੋ ਤੇ ਮਨਰੀਤ ਕੌਰ ਪੁੱਤਰੀ ਪ੍ਰਿਤਪਾਲ ਸਿੰਘ ਅਕਾਲ ਅਕੈਡਮੀ ਭਾਈ ਦੇਸਾ ਦੋਹਾਂ ਨੇ ਤੀਸਰਾ ਸਥਾਨ ਅਤੇ ਗਗਨਦੀਪ ਸਿੰਘ ਪੁੱਤਰ ਅਮਰੀਕ ਸਿੰਘ, ਸ.ਸੀ.ਸੈ.ਸਕੂਲ ਲਹਿਰੀ ਨੇ ਚੌਥਾ ਸਥਾਨ ਹਾਸਲ ਕੀਤਾ। ਇਸੇ ਤਰਾਂ ਦਰਜਾ ਤੀਜਾ (9ਵੀਂ ਤੋਂ 12ਵੀਂ) ਦੇ ਪ੍ਰਾਪਤ ਨਤੀਜਿਆਂ ਅਨੁਸਾਰ ਹਰਜੋਤ ਕੌਰ ਪੁੱਤਰੀ ਨੱਥਾ ਸਿੰਘ, ਮਾਸਟਰ ਮਾਈਂਡ ਪਬਲਿਕ ਸਕੂਲ ਬੰਘੀ ਰੁੱਘੂ ਨੇ ਪਹਿਲਾ ਸਥਾਨ, ਅਰਾਧਨਾ ਪੁੱਤਰੀ ਸ੍ਰੀ ਰਾਮ ਸ਼ੰਕਰ ਯਾਦਵ ਸੁਦੇਸ਼ ਵਾਟਿਕਾ ਕਾਨਵੈਂਟ ਸੀ.ਸੈ.ਸਕੂਲ ਭਾਗੀਵਾਂਦਰ ਨੇ ਦੂਸਰਾ ਸਥਾਨ, ਸਿਮਰਨਪ੍ਰੀਤ ਕੌਰ ਪੁੱਤਰੀ ਸ੍ਰੀ ਜਨਕ ਰਾਜ ਯਾਦਵ, ਖਾਲਸਾ ਸੀ.ਸੈ.ਸਕੂਲ ਲੜਕੀਆਂ ਤਲਵੰਡੀ ਸਾਬੋ ਨੇ ਤੀਸਰਾ ਸਥਾਨ ਅਤੇ ਗੁਰਸ਼ਰਨਜੀਤ ਕੌਰ ਪੁੱਤਰੀ ਜਗਤਾਰ ਸਿੰਘ ਖਾਲਸਾ ਸੀ.ਸੈ.ਸਕੂਲ ਲੜਕੀਆਂ ਤਲਵੰਡੀ ਸਾਬੋ ਨੇ ਚੌਥਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਦੋਵਾਂ ਦਰਜਿਆਂ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਮੈਰਿਟ ਸਥਾਨ ਹਾਸਲ ਕੀਤੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਲਖਵੀਰ ਸਿੰਘ ਨੱਤ ਨੇ ਦੱਸਿਆ ਕਿ ਇਹਨਾਂ ਵਿਦਿਆਰਥੀਆਂ ਨੂੰ ਸੰਸਥਾ ਵੱਲੋਂ ਜਲਦ ਹੀ ਤਲਵੰਡੀ ਸਾਬੋ ਵਿਖੇ ਕਰਵਾਏ ਜਾ ਰਹੇ ਅੰਤਰ ਸਕੂਲ ਯੁਵਕ ਮੇਲੇ ਦੌਰਾਨ ਨਗਦ ਇਨਾਮਾਂ ਅਤੇ ਯਾਦਗਾਰੀ ਚਿੰਨਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨਾਂ ਨੈਤਿਕ ਸਿੱਖਿਆ ਪ੍ਰੀਖਿਆ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਵਾਲੇ ਸਮੂਹ ਸਕੂਲ ਪ੍ਰਿੰਸੀਪਲ ਸਾਹਿਬਾਨ, ਅਧਿਆਪਕ ਸਾਹਿਬਾਨਾਂ ਅਤੇ ਡਿਊਟੀ ਦੇਣ ਵਾਲੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪੀੜਤਾਂ ਦੀ ਵੱਡੀ ਮਦਦ

### ਰਾਸ਼ਨ, ਮੰਜੇ, ਗੱਦੇ, ਦਵਾਈਆਂ ਤੇ ਹੋਰ ਸਾਮਾਨ ਵੰਡਿਆ





**ਕਲਗੀਧਰ** ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਲਗਾਤਾਰ ਸੇਵਾ ਚੱਲ ਰਹੀ ਹੈ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉਪ ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਪੰਜਾਬ ਵਿੱਚ ਹੜ ਰਾਹਤ ਸੇਵਾਵਾਂ ਦਾ ਚੱਲ ਰਹੇ ਦੂਜੇ ਫੇਜ ਵਿੱਚ ਪਸ਼ੂਆਂ ਦਾ ਚਾਰਾ ,ਦਵਾਈਆਂ, ਸੁੱਕਾ ਰਾਸ਼ਨ, ਮੱਛਰਦਾਨੀਆਂ ਅਤੇ ਬੈਡ ਸਮੇਤ ਗੱਦੇ ਆਦਿ ਲੋੜਵੰਦ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਪ੍ਰਬੰਧ ਸ਼ੁਰੂ ਕਰ ਦਿੱਤੇ ਗਏ ਹਨ। ਜਿਸ ਤਹਿਤ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੋਨੇਵਾਲ, ਮਾਛੀਵਾਲ, ਨੰਗਲ ਸੋਹਲ, ਦੰਗੜ੍ਹ ਅਤੇ ਪੰਜਗਰਾਈਆਂ ਨੂੰ 750 ਤੋਂ ਵੱਧ ਮੰਜੇ ਤੇ ਗੱਦੇ ਵੰਡੇ, ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਝਿੰਗੜ ਭੈਣੀ 300 ਕੰਬਲ, 200 ਬੈਡ ਸੀਟਾਂ ਆਦਿ ਵੰਡੀਆਂ, ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸਕਰੀ, ਕਾਦੀਆਂ, ਸਦਾਵਲੀ, ਮਨਾਵਾਲ ਅਤੇ ਪੱਖੋਵਾਲ ਵਿੱਚ 250 ਮੰਜਾ, 250 ਕੰਬਲ, 250 ਬੈਡ ਸੀਟਾਂ ਅਤੇ 250 ਰਾਸ਼ਨ ਦੀਆ ਕਿਟਾਂ ਵੰਡੀਆਂ ਗਈਆਂ। ਇਸ ਤੋਂ ਇਲਾਵਾ ਪਠਾਨਕੋਟ ਜ਼ਿਲ੍ਹੇ ਦੇ ਬਹੇੜੀ ਬਜ਼ੁਰਗ, ਅੱਤੇਪੁਰ ਅਤੇ ਭੂਲ ਚੱਕ ਪਿੰਡਾਂ ਵਿੱਚ ਕੰਬਲ, ਗੱਦੇ, ਲੋਈਆਂ, ਚੱਪਲਾਂ ਅਤੇ ਸੈਨੇਟਰੀ ਪੈਡ ਆਦਿ ਸਾਮਾਨ ਵੰਡਿਆ ਗਿਆ। ਇਸਦੇ ਨਾਲ ਹੀ ਅਕਾਲ ਸੇਵਾ ਟੀਮ ਵੱਲੋਂ ਮ੍ਰਿਤਕ ਪਸ਼ੂਆਂ ਨੂੰ ਜੇ.ਸੀ.ਬੀ. ਮਸ਼ੀਨਾਂ ਰਾਹੀ ਦਫਨਾਇਆ ਗਿਆ। ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਫ਼ਿਰੋਜ਼ਪੁਰ, ਫ਼ਾਜ਼ਿਲਕਾ ਵਿਖੇ ਟਰੱਸਟ ਵੱਲੋਂ ਅਕਾਲ ਅਕੈਡਮੀਆਂ ਵਿੱਚ ਸਥਾਪਤ ਵੇਅਰਹਾਊਸ ਵਿਖੇ ਸੰਗਤਾਂ ਵੱਲੋਂ ਇਸ ਸਮਾਨ ਦੀ ਸੇਵਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੜ੍ਹ ਰਾਹਤ ਸੇਵਾਵਾਂ ਵਿੱਚ ਸ਼ਾਮਿਲ ਟਰੱਸਟ ਦੇ ਸੇਵਾਦਾਰਾਂ ਤੇ ਵਲੰਟੀਅਰ ਨੂੰ ਦੂਜੇ ਫੇਜ ਵਿੱਚ ਸੇਵਾਵਾਂ ਬਾਰੇ ਜਾਣਕਾਰੀ ਦੇ ਦਿੱਤੀ ਹੈ ਅਤੇ ਹੜ੍ਹ ਪੀੜਤ ਪਰਿਵਾਰਾਂ ਦੀ ਸ਼ਨਾਖਤ ਕਰਕੇ ਉੱਨਾਂ ਤੱਕ ਜਰੂਰੀ ਸਹਾਇਤਾ ਪਹੁੰਚ ਜਾਣ ਬਾਰੇ ਵੇਰਵੇ ਇਕੱਤਰ ਕਰਨ ਨੂੰ ਕਿਹਾ ਗਿਆ ਹੈ ਤਾਂ ਜੋ ਇਹ ਸੇਵਾ ਲੋੜਵੰਦ ਤੇ ਹੱਕਦਾਰ ਹੜ ਪੀੜਤਾਂ ਕੋਲ ਸਿੱਧੇ ਤੌਰ 'ਤੇ ਪਹੁੰਚ ਸਕੇ। ਉਪਰੋਕਤ ਜ਼ਿਲਿਆਂ ਦੇ ਪਿੰਡਾਂ ਵਿੱਚ ਆਉਂਣ ਵਾਲੇ ਦਿਨਾਂ ਵਿੱਚ ਮੈਡੀਕਲ ਕੈਂਪ ਵੀ ਲਗਾਏ ਜਾਣਗੇ। ਹੁਣ ਤੱਕ ਲਗਪਗ 153 ਪਿੰਡਾਂ ਵਿੱਚੋਂ 5500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਇਥੇ ਜਿਕਰਯੋਗ ਹੈ ਕਿ ਦੇਸ਼ ਵਿੱਚ ਜਦੋਂ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾ ਟਰੱਸਟ ਦੀ ਅਕਾਲ ਸੇਵਾ ਟੀਮ ਵੱਲੋਂ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ।

**-ਫਾਜ਼ਿਲਕਾ ਤੋਂ ਗੁਰਜੰਟ ਸਿੰਘ ਨਥੇਹਾ ਖਾਸ ਰਿਪੋਰਟ**

ਆਵਾਜ਼ਿ ਕੌਮ AWAZE QAUM International Newspaper & WEB TV

# ਅੱਜ ਤੋਂ ਫਸਲਾਂ ਦੀਆਂ ਗਿਰਦਾਵਰੀਆਂ 'ਚ ਮਾਲ ਵਿਭਾਗ ਦਾ ਅਮਲਾ ਪਾਰਦਰਸ਼ਤਾ ਤੇ ਇਮਾਨਦਾਰੀ ਚ ਕਾਰਜ ਸਿਰੇ ਚਾੜ੍ਹੇ : ਧਾਲੀਵਾਲ

**ਅੰਮ੍ਰਿਤਸਰ/ਅਜਨਾਲਾ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਭਲਕੇ 13 ਸਤੰਬਰ ਤੋਂ ਹਲਕਾ ਅਜਨਾਲਾ ਸਮੇਤ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰ ਚ ਨੁਕਸਾਨੀਆਂ ਗਈਆਂ ਫਸਲਾਂ, ਨੁਕਸਾਨੇ ਗਏ ਘਰਾਂ ਤੇ ਹੜ੍ਹਾਂ ਕਾਰਨ ਮਰ ਗਏ ਪਸ਼ੂਆਂ ਦਾ ਪ੍ਰਭਾਵਿਤ ਲਾਭ ਪਾਤਰਾਂ ਨੂੰ ਸਰਕਾਰੀ ਤੌਰ ਤੇ ਮੁਆਵਜ਼ਾ ਦੇਣ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਸ਼ੁਰੂ ਕਰਵਾਏ ਜਾ ਰਹੇ ਸਰਵੇਖਣ/ ਗਿਰਦਾਵਰੀਆਂ ਕਰਨ ਲਈ ਤਾਇਨਾਤ ਮਾਲ ਵਿਭਾਗ ਦੇ ਅਮਲੇ ਸਮੇਤ ਹੋਰਨਾਂ ਵਿਭਾਗਾਂ ਦੇ ਅਮਲੇ ਨੂੰ ਪੂਰੀ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਜ਼ਿਮੇਵਾਰੀਆਂ ਨਿਭਾਉਣ ਲਈ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਪ੍ਰਭਾਵਿਤ ਹੜ੍ਹ ਪੀੜਤਾਂ ਦਾ ਹੱਕ ਮਾਰਨ ਜਾਂ ਕਿਸੇ ਸਿਆਸੀ ਪ੍ਰਭਾਵ ਹੇਠ ਆਪਣੇ ਨਿੱਜੀ ਲਾਲਚ ਅਤੇ ਕਿਸੇ ਨੂੰ ਨਜ਼ਾਇਜ਼ ਲਾਭ ਪਹੁੰਚਾਣ ਤੋਂ ਬਚਿਆ ਜਾਵੇ, ਕਿਉਂਕਿ ਕਥਿਤ ਸਿਆਸੀ ਜਾਂ ਲਾਲਚ ਦੇ ਪ੍ਰਭਾਵ ਹੇਠ ਨਿਭਾਈ ਗਈ ਡਿਊਟੀ ਦੌਰਾਨ ਕਥਿਤ ਰਿਸ਼ਵਤ ਖਾਣੀ ਆਪਣੇ ਪਰਿਵਾਰਕ ਜੀਆਂ ਨੂੰ ਜ਼ਿਹਰ ਖਵਾਉਣ ਦੇ ਤੁੱਲ ਹੋਵੇਗਾ। ਜਦੋਂਕਿ ਛੋਟੇ ਵੱਡੇ ਸਿਆਸੀ ਆਗੂਆਂ ਵਲੋਂ ਹੜ੍ਹ ਪੀੜਤਾਂ ਦੇ ਨਾਂਅ ਤੇ ਮੁਆਵਜ਼ਾ ਰਾਸ਼ੀ ਖਾਣ ਦਾ ਖ਼ਿਮਆਜ਼ਾ ਵੀ ਜਾਨੀ ਮਾਲੀ, ਬਿਮਾਰੀ ਦੇ ਰੂਪ ਚ ਨੁਕਸਾਨ ਇੱਕ ਦਿਨ ਭੁਗਤਣਾ ਹੀ ਪਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ. ਧਾਲੀਵਾਲ ਨੇ ਹੜ੍ਹਾਂ ਦੇ ਪਾਣੀ ਦੀ ਮਾਰ ਨਾਲ ਬੁਰੀ ਤਰਾਂ ਝੰਬੇ ਸਰਹੱਦੀ ਤੇ ਰਾਵੀ ਦਰਿਆ ਨੇੜਲੇ ਪਿੰਡ ਨੰਗਲ ਸੋਹਲ ਵਿਖੇ ਐੱਸ. ਡੀ ਐਮ ਅਜਨਾਲਾ ਸ. ਰਵਿੰਦਰ ਸਿੰਘ ਅਰੋੜਾ ਦੀ ਅਗਵਾਈ ਚ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਭੇਜੀ ਗਈਆਂ 359 ਲਾਭਪਾਤਰਾਂ ਚ ਰਾਹਤ ਸਮੱਗਰੀ ਦੀਆਂ ਕਿੱਟਾ, ਮੰਜ਼ੇ ਤੇ ਗੱਦੇ ਤੇ ਸ੍ਰੀ ਗੁਰੂ ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਵੀ ਦਿੱਤੇ ਗਏ ਸਹਿਯੋਗ ਨਾਲ ਅਤੇ ਪ੍ਰਭਾਵਿਤ ਪਿੰਡ ਹਰੜ੍ਹ ਖੁਰਦ ਵਿਖੇ ਵੀ 100 ਦੇ ਕਰੀਬ ਲਾਭਪਾਤਰੀਆਂ ਚ ਕੰਬਲ, ਮੰਜ਼ੇ ਆਦਿ ਸਮੱਗਰੀ ਬਲਾਕ ਪ੍ਰਧਾਨ ਤੇ ਸਰਪੰਚ ਲਵਪ੍ਰੀਤ ਸਿੰਘ ਹਰੜ੍ਹ ਤੇ ਸਮਾਜ ਸੇਵੀਆਂ ਦੀ ਸਹਿਯੋਗ ਨਾਲ ਰਾਹਤ ਸਮਗਰੀ ਵੰਡਣ ਉਪਰੰਤ ਗੱਲਬਾਤ ਦੌਰਾਨ ਕੀਤਾ। ਸ. ਧਾਲੀਵਾਲ ਨੇ ਕਿਹਾ ਕਿ ਸ. ਮਾਨ ਸਰਕਾਰ ਨੇ ਹਰ ਸੰਭਵ ਤਰੀਕੇ ਨਾਲ ਟੀਚਾ ਮਿੱਥ ਲਿਆ ਹੈ ਕਿ ਅਕਤੂਬਰ ਮਹੀਨੇ ਦੇ ਵਿਚ ਵਿਚ ਗਿਰਦਾਵਰੀਆਂ ਸਮੇਤ ਹੋਰ ਨੁਕਸਾਨ ਦਾ ਸਰਵੇਖਣ ਕਰਵਾ ਕੇ ਦੀਵਾਲੀ ਤਿਉਹਾਰ ਤੱਕ ਮੁਆਵਜ਼ਾ ਦੇ ਚੈੱਕ ਪ੍ਰਭਾਵਿਤ ਪੀੜਤਾਂ ਦੇ ਹੱਥਾਂ ਚ ਜ਼ਰੂਰ ਪਹੁੰਚਾ ਦਿੱਤੇ ਜਾਣ। ਉਹਨਾਂ ਦਾਅਵਾ ਕੀਤਾ ਕਿ ਮਾਨ ਸਰਕਾਰ ਦੇ ਨਿਰਦੇਸ਼ਾਂ ਤੇ ਪਹਿਲੇ ਪੜਾਅ ਚ ਹਲਕਾ ਅਜਨਾਲਾ ਦੇ 100 ਪ੍ਰਭਾਵਿਤ ਪਿੰਡਾਂ ਚ ਪ੍ਰਸ਼ਾਸ਼ਨ ਤੇ ਸਮਾਜ ਸੇਵੀਆਂ ਦੇ ਸਹਿਯੋਗ ਨਾਲ ਹੜ੍ਹਾਂ ਦੇ ਪਾਣੀ ਚ ਘਿਰੇ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ 3200 ਤੋਂ ਵਧੇਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਪਹੁੰਚਾ ਦਿੱਤਾ ਗਿਆ।

## ਦਮਦਮੀ ਟਕਸਾਲ ਦੇ ਰਾਹਤ ਕੈਂਪ ਵਿੱਚ

# ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਨੇ ਪਾਇਆ ਯੋਗਦਾਨ



**ਚੌਕ ਮਹਿਤਾ, 11 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਵੱਲੋਂ ਹੜ੍ਹ ਪੀੜਤਾਂ ਵਾਸਤੇ ਪੰਜਾਬ ਦੇ ਵੱਖ -ਵੱਖ ਖੇਤਰਾਂ ਵਿੱਚ ਰਾਹਤ ਕਾਰਜ ਨਿਭਾਏ ਜਾ ਰਹੇ ਹਨ। ਜਿਸ ਸੰਬੰਧੀ ਅਜਨਾਲਾ ਖੇਤਰ ਦੇ ਪਿੰਡ ਬਾਜਵਾ ਵਿਖੇ ਇੱਕ ਵੱਡਾ ਰਾਹਤ ਕੈਂਪ ਲਗਾਇਆ ਗਿਆ ਹੈ।ਇਲਾਕੇ ਦੀਆਂ ਨਾਮਵਰ ਵਿੱਦਿਅਕ ਸੰਸਥਾਵਾਂ ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਬਾਬਾ ਬਕਾਲਾ ਸਾਹਿਬ ਅਤੇ ਮਹਿਤਾ ਚੌਂਕ ਦੇ ਸਮੂਹ ਅਦਾਰੇ ਦਸ਼ਮੇਸ਼ ਪਬਲਿਕ ਸੀਨੀ.ਸੈਕੰ.ਸਕੂਲ ਬਾਬਾ ਬਕਾਲਾ ਸਾਹਿਬ,ਦਸ਼ਮੇਸ਼ ਪਬਲਿਕ ਸੀਨੀ.ਸੈਕੰ.ਮਹਿਤਾ ਚੌਂਕ ,ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ,ਨਿਊ ਇੰਡੀਅਨ ਪਬਲਿਕ ਸਕੂਲ ਬੁਤਾਲਾ ,ਸ੍ਰੀ ਕਲਗੀਧਰ ਪਬਲਿਕ ਸਕੂਲ ਬੁਤਾਲਾ ,ਬੀ.ਐਸ.ਟੀ ਸੂਜੋਕਾਲੀਆ ,ਬੀ.ਐਸ.ਟੀ.ਬਿਹਾਰੀਪੁਰ,ਦੂਨ ਪਬਲਿਕ ਸਕੂਲ ਹੁਸ਼ਿਆਰਪਰ,ਅਲਪਾਈਨ ਪਬਲਿਕ ਸਕੂਲ ਭੱਠਨੂਰਾਂ ਕਲਾਂ ਵੱਲੋ ਕੱਪੜੇ,ਬਿਸਤਰੇ,ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤੂਆਂ ਦੇ ਸਮਾਨ ਦੀ ਖੇਪ ਅਤੇ 2,91,000 ਰੁਪਏ ਦੀ ਰਾਸ਼ੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਵੱਲੋਂ ਪੁੱਜੇ ਜਥੇਦਾਰ ਬਾਬਾ ਅਜੀਤ ਸਿੰਘ ਜੀ ਮੁਖੀ ਤਰਨਾ ਦਲ ਮਹਿਤਾ ਚੌਂਕ ਨੂੰ ਸੌਂਪੀ ਗਈ ।ਉਪਰੋਕਤ ਸਕੂਲਾਂ ਦੇ ਸਮੂਹ ਪ੍ਰਿੰਸੀਪਲ,ਅਧਿਆਪਕਾਂ ,ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਇਹਨਾਂ ਰਾਹਤ ਕਾਰਜਾਂ ਵਿੱਚ ਉਚੇਚੇ ਤੌਰ ਤੇ ਹਰ ਤਰਾਂ ਦੀ ਰਾਹਤ ਸਮੱਗਰੀ ਅਤੇ ਨਕਦ ਰਾਸ਼ੀ ਨਾਲ ਸਹਿਯੋਗ ਕੀਤਾ ਗਿਆ ।ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋ ਸੰਗਤਾਂ ਨੂੰ ਇਸ ਔਖੀ ਘੜੀ ਵੇਲੇ ਜਦੋਂ ਕੁਦਰਤ ਦੀ ਤ੍ਰਾਸਦੀ ਸਿਖਰ ਤੇ ਹੈ ,ਉਸ ਸਮੇਂ ਆਪਸੀ ਇਕਜੁੱਟਤਾ ਅਤੇ ਸਾਂਝੇ ਤੌਰ ਤੇ ਹੜ੍ਹ ਪੀੜਤ ਪ੍ਰਭਾਵਿਤ ਇਲਾਕਿਆਂ ਵਿੱਚ ਇੱਕ ਜੁੱਟ ਹੋ ਕੇ ਸੇਵਾ ਕਰਨ ਦਾ ਸੰਦੇਸ਼ ਦਿੱਤਾ ।ਇਸ ਮੌਕੇ ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਦੇ ਚੈਅਰਮੈਨ ਸ.ਗੁਰਦੀਪ ਸਿੰਘ ਰੰਧਾਵਾ, ਪ੍ਰਧਾਨ ਸ.ਕੁਲਬੀਰ ਸਿੰਘ ਮਾਨ, ਮੀਤ ਪ੍ਰਧਾਨ ਸ ਕੁਲਵੰਤ ਸਿੰਘ ਕੁਹਾੜ ,ਸ. ਹਰਸ਼ਦੀਪ ਸਿੰਘ ਰੰਧਾਵਾ, ਚੇਅਰਮੈਨ ਸੁਰਜੀਤ ਸਿੰਘ ਕੰਗ,ਸ.ਅਵਤਾਰ ਸਿੰਘ ਬੁੱਟਰ,ਭਾਈ ਪ੍ਰਕਾਸ਼ ਸਿੰਘ,ਭਾਈ ਹਰਭਜਨ ਸਿੰਘ,ਸ.ਪਰਮਿੰਦਰ ਸਿੰਘ ਮਹਿਤਾ, ਗੁਰਿੰਦਰਜੀਤ ਸਿੰਘ ਬੁੱਟਰ , ਭਾਈ ਨਿਰਮਲ ਸਿੰਘ ਅਤੇ ਸਕੂਲ ਸਟਾਫ਼ ਮੈਂਬਰ ਹਾਜ਼ਰ ਸਨ।

**ਅੱਠ ਸਕੂਲਾਂ ਵੱਲੋਂ 2,91,000 ਦੀ ਰਾਸ਼ੀ ਅਤੇ ਹੋਰ ਰਾਹਤ ਸਮੱਗਰੀ ਭੇਜੀ ਗਈ**

## ਖਾਲਸਾ ਕਾਲਜ ਮਹਿਤਾ ਬੀ.ਏ/ਬੀ.ਐੱਸ.ਸੀ ,ਬੀ.ਸੀ.ਏ ਅਤੇ ਬੀ. ਕਾਮ ਦੇ

# ਵਿਦਿਆਰਥੀਆਂ ਨੇ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਮਾਰੀਆਂ ਮੱਲਾ




**ਚੌਕ ਮਹਿਤਾ, 11 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**- ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੇ ਬੀ.ਏ/ਬੀ.ਐੱਸ.ਸੀ ,ਬੀ.ਸੀ.ਏ ਅਤੇ ਬੀ.ਕਾਮ ਦੇ ਨਤੀਜੇ ਘੋਸ਼ਿਤ ਕੀਤੇ ਗਏ। ਜਿਸ ਵਿੱਚ ਵਿਦਿਆਰਥੀਆਂ ਦੀ ਮਿਹਨਤ ਸਦਕਾ ਨਤੀਜੇ ਸੌ ਫੀਸਦੀ ਰਹੇ। ਜਿਸ ਵਿੱਚ ਬੀ.ਸੀ.ਏ ਸਮੈਸਟਰ ਦੂਜੇ ਦੀ ਅਭੀਜੋਤ ਕੌਰ 76% ਕਮਲਪ੍ਰੀਤ ਕੌਰ,ਦਮਨਪ੍ਰੀਤ ਕੌਰ 75% ਕਿਰਨਦੀਪ ਕੌਰ ਅਤੇ ਪਵਨਪ੍ਰੀਤ ਕੌਰ 73% ,ਬੀ.ਸੀ.ਏ ਸਮੈਸਟਰ ਚੌਥਾ ਦੀ ਮਹਿਕਪ੍ਰੀਤ ਕੌਰ 78% ਸ਼ਬਨਮਦੀਪ ਕੌਰ 76% ਚਾਂਦਨੀ ਅਤੇ ਕੋਮਲਪ੍ਰੀਤ ਕੌਰ 75% ਬੀ.ਏ/ਬੀ.ਐਸ.ਸੀ ਦੀ ਆਂਚਲਪ੍ਰੀਤ ਕੌਰ, ਨਵਨੀਤ ਕੌਰ 75% ,ਮਹਿਕਦੀਪ ਕੌਰ, ਹਰਮਨਪ੍ਰੀਤ ਕੌਰ 73% ਅਤੇ ਮਹਿਕ ਸ਼ਰਮਾ 71% ਬੀ.ਕਾਮ ਦੀ ਸੁਖਮਨਦੀਪ ਕੌਰ 77% ਕਿਰਨਵੀਰ, ਸਵਨਪ੍ਰੀਤ ਕੌਰ 75%, ਮਨਦੀਪ ਕੌਰ, ਸੁਖਮਨਪ੍ਰੀਤ ਕੌਰ, ਜਗਪ੍ਰੀਤ ਕੌਰ, ਜਸ਼ਨਪ੍ਰੀਤ ਕੌਰ ਅਤੇ ਸਿਮਰਨਪ੍ਰੀਤ ਕੌਰ 74% ਅੰਕ ਪ੍ਰਾਪਤ ਕਰ ਕ੍ਰਮਵਾਰ ਪਹਿਲਾ,ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ।ਇਹਨਾ ਪ੍ਰੀਖਿਆਵਾਂ ਵਿਚ ਕਾਲਜ ਦੇ ਸਾਰੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਲਾਘਾਯੋਗ ਰਿਹਾ। ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾਂ ਨੇ ਖੁਸ਼ੀ ਜ਼ਾਹਿਰ ਕਰਦਿਆ ਵਿਦਿਆਰਥੀਆਂ ਦੇ ਨਾਲ-ਨਾਲ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ, ਅਤੇ ਕਿਹਾ ਕਿ ਇਹ ਨਤੀਜੇ ਸਿਰਫ ਤੁਹਾਡੀ ਲਗਾਤਾਰ ਕੋਸ਼ਿਸ਼ ਨਹੀਂ ਸਗੋਂ ਤੁਹਾਡੇ ਭਵਿੱਖ ਦੀ ਮਜਬੂਤ ਨੀਂਹ ਵੀ ਹਨ ।ਤੁਸੀ ਕਾਲਜ ਦਾ ਮਾਨ ਵਧਾਇਆ ਹੈ ਤੇ ਹੋਰ ਬੱਚਿਆਂ ਲਈ ਪ੍ਰੇਰਨਾ ਦਾ ਇੱਕ ਉਦਾਹਰਣ ਬਣੇ ਹੋ ।ਉਹਨਾਂ ਨੇ ਵਿਦਿਆਰਥੀਆਂ ਨੂੰ ਦਿਲ ਲਾ ਕੇ ਪੜ੍ਹਨ ਅਤੇ ਆਪਣੀ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਪ੍ਰੇਰਿਤ ਕੀਤਾ। ਇਸ ਸੁਭਾਗੇ ਮੌਕੇ 'ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ,ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਕੁਲਦੀਪ ਕੌਰ,ਗੁਰਸ਼ਰਨਪ੍ਰੀਤ ਕੌਰ, ਸੁਖਮਨਦੀਪ ਕੌਰ ,ਪਵਨਦੀਪ ਕੌਰ, ਅਮਨਦੀਪ ਕੌਰ, ਪੂਰਤੀ ਸ਼ਰਮਾ , ਨਵਨੀਤ ਕੌਰ, ਮਨਜੀਤ ਕੌਰ ,ਗੁਰਵਿੰਦਰ ਕੌਰ ,ਸੁਪ੍ਰੀਤ ਕੌਰ, ਅਰਸ਼ਪ੍ਰੀਤ ਕੌਰ ,ਬਲਜੀਤ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬਰਤਾਨੀਆਂ ਦੇ ਵੈਸਟ ਮਿਡਲੈਂਡਜ਼ ਵਿੱਚ ਸਿੱਖ ਔਰਤ ਨਾਲ ਬਲਾਤਕਾਰ ਅਤੇ ਨਸਲੀ ਟਿੱਪਣੀ



**ਨਵੀਂ ਦਿੱਲੀ 12 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਯੂਕੇ ਦੇ ਵੈਸਟ ਮਿਡਲੈਂਡਜ਼ ਵਿੱਚ ਇੱਕ ਸਿੱਖ ਔਰਤ ਨਾਲ ਹੋਏ ਕਥਿਤ ਬਲਾਤਕਾਰ ਦੀ ਜਾਂਚ ਕਰ ਰਹੀ ਪੁਲਿਸ ਦਾ ਕਹਿਣਾ ਹੈ ਕਿ ਉਹ ਇਸਨੂੰ ਨਫ਼ਰਤ ਅਪਰਾਧ ਵਜੋਂ ਦੇਖ ਰਹੇ ਹਨ। ਪੁਲਿਸ ਦੋ ਗੋਰੇ ਪੁਰਸ਼ ਸ਼ੱਕੀਆਂ ਦੀ ਭਾਲ ਕਰ ਰਹੀ ਹੈ ਜਿਨ੍ਹਾਂ 'ਤੇ ਦਿਨ-ਦਿਹਾੜੇ ਹਮਲੇ ਦੌਰਾਨ ਔਰਤ ਨਾਲ ਨਸਲੀ ਦੁਰਵਿਵਹਾਰ ਕਰਨ ਦਾ ਦੋਸ਼ ਹੈ।ਜਿਨ੍ਹਾਂ ਵਿੱਚੋਂ ਇਕ ਇੱਕ ਸ਼ੱਕੀ ਦਾ ਸਿਰ ਮੁੰਨਿਆ ਹੋਇਆ ਸੀ ਅਤੇ ਉਸਨੇ ਦਸਤਾਨੇ ਪਹਿਨੇ ਹੋਏ ਸਨ ਦੂਜੇ ਆਦਮੀ ਨੇ ਕਥਿਤ ਤੌਰ 'ਤੇ ਚਾਂਦੀ ਦੀ ਜ਼ਿਪ ਵਾਲਾ ਸਲੇਟੀ ਰੰਗ ਦਾ ਟੌਪ ਪਾਇਆ ਹੋਇਆ ਸੀ। ਬਰਮਿੰਘਮ ਦੇ ਨੇੜੇ ਓਲਡਬਰੀ ਦੇ ਟੇਮ ਰੋਡ ਉਪਰ ਵਾਪਰੀ ਘਟਨਾ ਵਿਚ ਜਿਸ ਔਰਤ 'ਤੇ ਹਮਲਾ ਹੋਇਆ ਹੈ, ਉਹ 20 ਸਾਲਾਂ ਦੀ ਹੈ।ਪੁਲਿਸ ਅਤੇ ਸਿੱਖ ਭਾਈਚਾਰੇ ਦੇ ਸਮੂਹ ਉਸਦੀ ਅਤੇ ਉਸਦੇ ਪਰਿਵਾਰ ਦੀ ਮਦਦ ਕਰ ਰਹੇ ਹਨ। ਇਸ ਹਮਲੇ ਨੇ ਸਥਾਨਕ ਸਿੱਖਾਂ ਵਿੱਚ ਰੋਸ ਅਤੇ ਗੁੱਸਾ ਪੈਦਾ ਕਰ ਦਿੱਤਾ ਹੈ। ਯੂਕੇ ਦੇ ਇਕ ਸਿੱਖ ਸਮੂਹ ਸਿੱਖ ਫੈਡਰੇਸ਼ਨ ਯੂਕੇ ਨੇ ਓਲਡਬਰੀ ਹਮਲੇ ਦੀ "ਜਨਤਕ ਨਿੰਦਾ" ਨਾ ਕਰਨ ਲਈ ਹਾਲ ਹੀ ਵਿੱਚ ਸ਼ਰਣ ਦੇ ਮੁੱਦਿਆਂ ਬਾਰੇ ਆਵਾਜ਼ ਉਠਾਉਣ ਵਾਲੇ ਰਾਸ਼ਟਰੀ ਸਿਆਸਤਦਾਨਾਂ ਦੀ ਸਖ਼ਤ ਆਲੋਚਨਾ ਕੀਤੀ ਹੈ ।ਉਨ੍ਹਾਂ ਦਸਿਆ ਕਿ ਯੂਕੇ ਭਰ ਵਿੱਚ ਨਸਲੀ ਤਣਾਅ ਵਿੱਚ ਬੇਤਾਹਾਸ਼ਾ ਵਾਧਾ ਹੋਇਆ ਹੈ ਜੋ ਕਿ ਵਡੀ ਚਿੰਤਾ ਦਾ ਵਿਸ਼ਾ ਬਣ ਚੁਕਿਆ ਹੈ। ਵੈਸਟ ਮਿਡਲੈਂਡਜ਼ ਪੁਲਿਸ ਨੇ ਕਿਹਾ "ਅਸੀਂ ਇੱਕ ਔਰਤ ਦੁਆਰਾ ਸਾਨੂੰ ਓਲਡਬਰੀ ਵਿੱਚ ਬਲਾਤਕਾਰ ਦੀ ਰਿਪੋਰਟ ਕਰਨ ਤੋਂ ਬਾਅਦ ਜਾਂਚ ਕਰ ਰਹੇ ਹਾਂ, ਜਿਸਨੂੰ ਅਸੀਂ ਨਸਲੀ ਤੌਰ 'ਤੇ ਵਧੇ ਹੋਏ ਹਮਲੇ ਵਜੋਂ ਦੇਖ ਰਹੇ ਹਾਂ ਕਿਉਂਕਿ ਇਸ ਵਾਰਦਾਤ ਵਿਚ ਹਮਲਾਵਰਾਂ ਨੇ ਕਿਹਾ ਕਿ "ਤੁਸੀਂ ਇਸ ਦੇਸ਼ ਦੇ ਨਹੀਂ ਹੋ, ਬਾਹਰ ਚਲੇ ਜਾਓ÷। ਸੈਂਡਵੈੱਲ ਖੇਤਰ ਵਿੱਚ ਸਥਾਨਕ ਪੁਲਿਸਿੰਗ ਦੀ ਅਗਵਾਈ ਕਰਨ ਵਾਲੇ ਚੀਫ਼ ਸੁਪਰਡੈਂਟ ਕਿਮ ਮੈਡਿਲ ਨੇ ਕਿਹਾ ਅਸੀਂ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ ਲਈ ਬਹੁਤ ਮਿਹਨਤ ਕਰ ਰਹੇ ਹਾਂ, ਸੀਸੀਟੀਵੀ, ਫੋਰੈਂਸਿਕ ਅਤੇ ਹੋਰ ਪੁੱਛਗਿੱਛਾਂ ਚੰਗੀ ਤਰ੍ਹਾਂ ਚੱਲ ਰਹੀਆਂ ਹਨ।ਉਨ੍ਹਾਂ ਕਿਹਾ ਕਿ ਅਸੀਂ ਇਸ ਕਾਰਨ ਪੈਦਾ ਹੋਏ ਗੁੱਸੇ ਅਤੇ ਚਿੰਤਾ ਨੂੰ ਅਸੀਂ ਪੂਰੀ ਤਰ੍ਹਾਂ ਸਮਝਦੇ ਹਾਂ ਇਸ ਲਈ ਭਾਈਚਾਰੇ ਦੇ ਲੋਕਾਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਭਰੋਸਾ ਦਿਵਾ ਰਹੇ ਹਾਂ ਕਿ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ। ਸਿੱਖ ਫੈਡਰੇਸ਼ਨ ਯੂਕੇ ਦੇ ਦਬਿੰਦਰਜੀਤ ਸਿੰਘ ਨੇ ਕਿਹਾ ਇਹ ਹਮਲਾ ਦਿਨ-ਦਿਹਾੜੇ ਇੱਕ ਵਿਅਸਤ ਸੜਕ 'ਤੇ ਹੋਇਆ। ਸਾਰੇ ਹਿੰਸਕ ਨਸਲੀ ਹਮਲਿਆਂ ਲਈ ਸਾਨੂੰ ਜ਼ੀਰੋ ਸਹਿਣਸ਼ੀਲਤਾ ਰੱਖਣੀ ਚਾਹੀਦੀ ਹੈ। ਮੌਜੂਦਾ ਨਸਲਵਾਦੀ ਰਾਜਨੀਤਿਕ ਮਾਹੌਲ ਲੋਕਪ੍ਰਿਯਤਾ ਦੁਆਰਾ ਚਲਾਇਆ ਜਾਂਦਾ ਹੈ ਅਤੇ 'ਪ੍ਰਵਾਸੀ ਵਿਰੋਧੀ ਕਾਰਡ' ਖੇਡਣ ਵਾਲੇ ਸਿਆਸਤਦਾਨਾਂ ਦੁਆਰਾ ਬਣਾਇਆ ਗਿਆ ਹੈ ਜੋ ਸੱਜੇ-ਪੱਖੀ ਅਤੇ ਨਸਲਵਾਦੀ ਵਿਚਾਰਾਂ ਵਾਲੇ ਲੋਕਾਂ ਦਾ ਬੇਸ਼ਰਮੀ ਨਾਲ ਸ਼ੋਸ਼ਣ ਕਰ ਰਹੇ ਹਨ। ਅਸੀਂ ਇਸ ਬੇਰਹਿਮ ਨਸਲਵਾਦੀ ਅਤੇ ਜਿਨਸੀ ਹਮਲੇ ਦੀ ਸਾਰੇ ਪਾਸਿਆਂ ਦੇ ਸਿਆਸਤਦਾਨਾਂ ਵੱਲੋਂ ਜਨਤਕ ਨਿੰਦਾ ਦੀ ਉਡੀਕ ਕਰ ਰਹੇ ਹਾਂ ਜਿੱਥੇ ਇੱਕ ਨੌਜਵਾਨ ਸਿੱਖ ਔਰਤ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਹੈ ਅਤੇ ਬਲਾਤਕਾਰ ਕੀਤਾ ਗਿਆ ਹੈ। ਸਿੱਖ ਯੂਥ ਯੂਕੇ, ਨੇ ਕਿਹਾ ਕਿ ਉਸਨੇ ਭਾਈਚਾਰੇ ਨੂੰ "ਚੌਕਸ ਰਹਿਣ, ਪਰਿਵਾਰਕ ਮੈਂਬਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਰੋਜ਼ਾਨਾ ਦੇ ਕੰਮਾਂ ਵਿੱਚ ਸੁਰੱਖਿਆ ਉਪਾਵਾਂ ਨੂੰ ਮਜ਼ਬੂਤ ਕਰਨ" ਲਈ ਸੁਚੇਤ ਕੀਤਾ ਹੈ।

# ਪੰਚਾਇਤੀ ਫੰਡ ਵਾਪਸ ਮੰਗਵਾ ਕੇ ਹੜ੍ਹ ਰਾਹਤ ਕਾਰਜ ਚਲਾਉਣ ਵਾਲੀ ਸਰਕਾਰ ਮੁਆਵਜ਼ਾ ਕਿਵੇਂ ਦੇਵੇਗੀ- ਸਿੱਧੂ



**ਤਲਵੰਡੀ ਸਾਬੋ, 12 ਸਤੰਬਰ (ਗੁਰਜੰਟ ਸਿੰਘ ਨਥੇਹਾ)**-ਸੂਬਾ ਸਰਕਾਰ ਦੇ ਆਗੂ ਇਹ ਦਾਅਵੇ ਕਰਦੇ ਨਹੀ ਸਨ ਥੱਕਦੇ ਕਿ ਹੁਣ ਸੂਬੇ ਦਾ ਖਜ਼ਾਨਾ ਖਾਲੀ ਨਹੀ ਹੁੰਦਾ ਉਸੇ ਸਰਕਾਰ ਨੇ ਹੜ੍ਹ ਰਾਹਤ ਕਾਰਜ ਚਲਾਉਣ ਲਈ ਪੰਚਾਇਤਾਂ ਤੋਂ 30 ਕਰੋੜ ਰੁਪਏ ਵਾਪਸ ਮੰਗਵਾ ਲਏ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਅਗਰ ਸਰਕਾਰ ਕੋਲ ਇੰਨੀ ਛੋਟੀ ਰਕਮ ਵੀ ਨਹੀ ਹੈ ਤਾਂ ਜੋ ਅਰਬਾਂ ਰੁਪਏ ਮੁਆਵਜ਼ੇ ਦੇ ਐਲਾਨੇ ਹਨ ਉਹ ਕਿਵੇਂ ਦੇਵੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਕੀਤਾ।ਅੱਜ ਪਿੰਡਾਂ ਦੇ ਦੌਰੇ ਉਪਰੰਤ ਗੱਲਬਾਤ ਦੌਰਾਨ ਸਿੱਧੂ ਨੇ ਕਿਹਾ ਕਿ ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਸਰਕਾਰ ਨੇ ਪੰਚਾਇਤਾਂ ਤੋਂ 30 ਕਰੋੜ ਰੁਪਏ ਵਾਪਸ ਮੰਗਵਾਏ ਹਨ ਤਾਂਕਿ ਉਕਤ ਰਾਸ਼ੀ ਹੜ੍ਹ ਰਾਹਤ ਕਾਰਜਾਂ ਚ ਲਗਾਈ ਜਾ ਸਕੇ।ਉਨਾਂ ਕਿਹਾ ਕਿ ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦੈ ਕਿ ਸੂਬਾ ਸਰਕਾਰ ਦੀ ਵਿੱਤੀ ਹਾਲਤ ਕੀ ਹੈ। ਸਿੱਧੂ ਮੁਤਾਬਿਕ ਪਹਿਲਾਂ ਹੀ ਕਰਜ਼ੇ ਲੈ ਲੈ ਕੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਵਾਲੀ ਸਰਕਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਕਿਸਾਨਾਂ ਲਈ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦਾ ਐਲਾਨ ਕਰ ਚੁੱਕੀ ਹੈ ਅਤੇ ਹੋਏ ਨੁਕਸਾਨ ਨੂੰ ਦੇਖਦਿਆਂ ਇਹ ਰਕਮ ਅਰਬਾਂ ਰੁਪਏ ਬਣ ਜਾਵੇਗੀ, ਸਰਕਾਰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਿੱਥੋਂ ਕਰੇਗੀ ਜਦੋਂ ਉਸਨੂੰ ਹੁਣੇ ਪੰਚਾਇਤੀ ਫੰਡਾਂ ਸਹਾਰੇ ਕੰਮ ਚਲਾਉਣਾ ਪੈ ਰਿਹੈ। ਉਨਾਂ ਕਿਹਾ ਕਿ ਸਰਕਾਰ ਸਪੱਸ਼ਟ ਕਰੇ ਕਿ ਇੰਨੀ ਕੀ ਮਜ਼ਬੂਰੀ ਆ ਪਈ ਕਿ ਪੰਚਾਇਤਾਂ ਦੇ ਫੰਡ ਵਾਪਸ ਮੰਗਵਾਉਣੇ ਪੈ ਰਹੇ ਹਨ ਤੇ ਜੇਕਰ ਹਾਲਤ ਸਚੁਮੱਚ ਬਦਤਰ ਹਨ ਤਾਂ ਦੱਸੇ ਕਿ ਰਾਹਤ ਕਾਰਜਾਂ ਲਈ ਲੋੜੀਂਦੇ ਫੰਡ ਕਿੱਥੋਂ ਆਉਣਗੇ। ਸਿੱਧੂ ਨੇ ਇਸ ਮੌਕੇ ਪੁਰਾਣੇ ਸਾਥੀ ਅਮਰੀਕ ਸਿੰਘ ਸੀਂਗੋ ਦਾ ਹਾਲਚਾਲ ਵੀ ਜਾਣਿਆ। ਸਿੱਧੂ ਨਾਲ ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਡੂੰਗਰ ਸਿੰਘ ਸੀਂਗੋ, ਚਰਨਜੀਤ ਸਿੰਘ ਕੋਟਬਖਤੂ, ਡਾ. ਮਲਕੀਤ ਸਿੰਘ ਮਿਰਜ਼ੇਆਣਾ, ਟਹਿਲ ਸਿੰਘ ਲਹਿਰੀ, ਸੁੱਖੀ ਮੈਨੂੰਆਣਾ, ਹੈਪੀ ਬਹਿਮਣ, ਗੁਰਾਂਦਿੱਤਾ ਸਿੰਘ ਸੀਂਗੋ, ਸੁਰਜੀਤ ਸ਼ਿੰਦੀ ਜਗਾ ਰਾਮ ਤੀਰਥ, ਹਰਪਾਲ ਪੰਚ ਗਾਟਵਾਲੀ, ਸੇਵਕ ਤੰਗਰਾਲੀ ਆਦਿ ਆਗੂ ਮੌਜੂਦ ਸਨ।

### ਹੜ੍ਹ ਪੀੜਤਾਂ ਦੀ ਸੁੱਖ ਸ਼ਾਂਤੀ ਲਈ ਬਾਬਾ ਬੁੱਢਾ ਵੰਸ਼ਜ

# ਪ੍ਰੋ: ਬਾਬਾ ਰੰਧਾਵਾ ਵਲੋਂ ਪਿੰਡ ਸੁਧਾਰ ਅਜਨਾਲਾ ਵਿਖੇ ਕੀਤੀ ਗਈ ਅਰਦਾਸ



## ਹਲਕਾ ਵਿਧਾਇਕ ਅਤੇ ਹੋਰਾਂ ਨੂੰ ਕੀਤਾ ਸਨਮਾਨਿਤ

**ਛੇਹਰਟਾ, 12 ਸਤੰਬਰ (ਰਾਜ ਰੰਧਾਵਾ)**-ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਹਲਕੇ ਦੇ ਪਿੰਡ ਸੁਧਾਰ ਦੇ ਗੁ: ਬਾਬਾ ਪਰੋ ਸਾਹਿਬ ਵਿਖੇ ਗੁ: ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਵਰਿਆਮ ਸਿੰਘ ਦੇ ਸਹਿਯੋਗ ਨਾਲ ਸਾਬਕਾ ਕੈਬਨਿਟ ਮੰਤਰੀ ਅਤੇ ਮੌਜੂਦਾ ਇਲਾਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵਲੋਂ ਹੜ੍ਹ ਪੀੜ੍ਹਤਾਂ ਦੀ ਸੁੱਖ ਸ਼ਾਂਤੀ ਅਤੇ ਹੜ੍ਹਾਂ 'ਚ ਸੇਵਾਵਾਂ ਨਿਭਾਉਣ ਵਾਲੀਆਂ ਪੰਚਾਇਤਾਂ, ਵੱਖ ਵੱਖ ਸੰਸਥਾਵਾਂ ਅਤੇ ਸੰਪ੍ਰਦਾਵਾਂ ਦਾ ਧੰਨਵਾਦ ਕਰਨ ਲਈ ਸ੍ਰੀ ਅਖੰਡ ਪਾਠ ਦਾ ਭੋਗ ਪਵਾਇਆ ਗਿਆ। ਹੜ੍ਹ ਪੀੜਤ ਪਰਿਵਾਰਾਂ ਦੀ ਸੁੱਖ ਸ਼ਾਂਤੀ ਦੀ ਅਰਦਾਸ ਬਾਬਾ ਬੁੱਢਾ ਵੰਸ਼ਜ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ ਸਪੁੱਤਰ ਸੰਤ ਅਮਰੀਕ ਸਿੰਘ ਰੰਧਾਵਾ (ਮੁੱਖੀ ਸੰਪਰਦਾ ਬਾਬਾ ਬੁੱਢਾ ਵੰਸ਼ਜ 'ਬਾਬਾ ਸਹਾਰੀ ਗੁਰੂ ਕਾ ਹਾਲੀ' ਰੰਧਾਵਾ ਗੁਰੂ ਕੀ ਵਡਾਲੀ-ਛੇਹਰਟਾ) ਵਲੋਂ ਕੀਤੀ ਗਈ। ਅਰਦਾਸ ਉਪਰੰਤ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ ਅਤੇ ਬਾਬਾ ਰਘਬੀਰ ਸਿੰਘ ਰੰਧਾਵਾ ਵਲੋਂ ਹੜ੍ਹ ਪੀੜਤਾਂ ਦੀ ਸੇਵਾ ਵਿਚ ਦਿਨ ਰਾਤ ਸੇਵਾਵਾਂ ਨਿਭਾਉਣ ਵਾਲੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਭਾਈ ਮਨਜੀਤ ਸਿੰਘ ਭੋਮਾ (ਦਿਲੀ ਗੁ: ਕਮੇਟੀ ਦੇ ਧਰਮ ਪ੍ਰਚਾਰ ਵਿੰਗ ਦੇ ਇੰਚਾਰਜ) ਅਤੇ ਹੜ੍ਹਾਂ 'ਚ ਨਿਸ਼ਕਾਮ ਸੇਵਾਵਾਂ ਨਿਭਾਉਣ ਵਾਲੀਆਂ ਸਖਸ਼ੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਅਰਦਾਸ ਸਮਾਗਮ ਵਿੱਚ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਸੰਬੋਧਨ ਵਿਚ ਇਲਾਕੇ ਦੀਆਂ ਪੰਚਾਇਤਾਂ ਅਤੇ ਹੋਰ ਵੱਖ ਵੱਖ ਸੰਸਥਾਵਾਂ ਅਤੇ ਸੰਪ੍ਰਦਾਵਾਂ ਵਲੋਂ ਕੀਤੀਆਂ ਜਾ ਰਹੀਆਂ ਵਡਮੁੱਲੀਆਂ ਸੇਵਾਵਾਂ ਕਮਾਉਣ ਵਾਲਿਆਂ ਦਾ ਧੰਨਵਾਦ ਵੀ ਕੀਤਾ ਅਤੇ ਆਉਣ ਵਾਲੇ ਸਮੇਂ ਵਿੱਚ ਹੜ੍ਹਾ ਪੀੜਤਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਤੋਂ ਬਚਾਉਣ ਲਈ ਵੀ ਹੁਣ ਤੋਂ ਕਮਰਕਸੇ ਕਰਨ ਲਈ ਪ੍ਰੇਰਿਆ ਗਿਆ। ਇਸ ਅਰਦਾਸ ਸਮਾਗਮ ਵਿੱਚ ਇਲਾਕੇ ਦੀਆਂ ਪੰਚਾਇਤਾਂ ਦੇ ਪੰਚਾਂ ਸਰਪੰਚਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਆਈਆਂ ਸੰਗਤਾਂ ਲਈ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

# ਧਾਰਮਿਕ ਸਮਾਗਮ ਕਰਵਾਇਆ






**ਚੌਕ ਮਹਿਤਾ, 12 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਮੱਤੇਵਾਲ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਰਾਗੀ ਢਾਡੀ ਸਿੰਘਾਂ ਵੱਲੋਂ ਕਥਾ ਵਿਚਾਰਾਂ ਰਾਹੀਂ ਸੰਗਤਾਂ ਗੁਰੂ ਘਰ ਨਾਲ ਜੋੜਿਆ ਅਤੇ ਸ਼ਹੀਦਾਂ ਦੀਆਂ ਵਾਰਾਂ ਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਸ਼੍ਰੋਮਣੀ ਅਕਾਲੀ ਦਲ ਵਾਰਸ ਪੰਜਾਬ ਦੇ ਵੱਲੋਂ ਭਾਈ ਤਰਸੇਮ ਸਿੰਘ ਜੀ ਦਲ ਖਾਲਸਾ ਦੇ ਪਰਮਜੀਤ ਸਿੰਘ ਮੰਡ ਦਮਦਮੀ ਟਕਸਾਲ ਦੇ ਭਾਈ ਤੇਜ ਵੀਰ ਸਿੰਘ ਬਾਬਾ ਮੇਜਰ ਸਿੰਘ ਮੱਖਣ ਵਿੰਡੀ ਹਰਪਿੰਦਰ ਸਿੰਘ ਮੱਤੇਵਾਲ ਆਦ ਆਗੂਆਂ ਵੱਲੋਂ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਇਸ ਮੌਕੇ ਸ਼ਹੀਦ ਸੀਤਲ ਸਿੰਘ ਮੱਤੇਵਾਲ ਪਰਿਵਾਰ ਨੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਵੱਖ ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ ਇਸ ਮੌਕੇ ਸਰਪੰਚ ਹਰਪਾਲ ਸਿੰਘ ਮੱਤੇਵਾਲ ਤਰਸੇਮ ਸਿੰਘ ਗਾਰਡ ਲਵ ਮੱਤੇਵਾਲ ਸੰਤੋਖ ਸਿੰਘ ਸਨੀ ਮੱਤਿਆਲ ਮੀਤਾ ਮਤਿਆਲ ਹੀਰਾ ਸਿੰਘ ਰੰਧਾਵਾ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਚੰਦਨ ਕੇ ਜਸ ਚੰਦਨ ਕੇ ਤਲਵਿੰਦਰ ਸਿੰਘ ਸਾਧਪੁਰਾ ਬਿੱਟਾ ਚੰਦਨ ਕੇ ਡਾਕਟਰ ਕਾਲਾ ਸਿੰਘ ਬਾਠ ਆਦ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਟਾਂਗਰਾ ਕਸਬੇ ਅੰਦਰ ਬਣੇ ਫਲਾਈ ਓਵਰ ਦੇ ਹਾਲਾਤ ਬਹੁਤ ਖਤਰਨਾਕ ਬਣੇ

# ਬਣੇ ਵੱਡਾ ਹਾਦਸਾ ਵਾਪਰਨ ਦਾ ਖਦਸ਼ਾ : ਇਲਾਕਾ ਨਿਵਾਸੀ



**ਜੰਡਿਆਲਾ ਗੁਰੂ, 12 ਸਤੰਬਰ ( ਕੁਲਵੰਤ ਸਿੰਘ ਵਿਰਦੀ )** -ਸਥਾਨਕ ਕਸਬੇ ਅੰਦਰ ਬਣੇ ਫਲਾਈ ਓਵਰ ਦੇ ਹਾਲਾਤ ਬਹੁਤ ਹੀ ਖਤਰਨਾਕ ਹਨ, ਕਿਸੇ ਵੇਲੇ ਵੀ ਬਹੁਤ ਵੱਡਾ ਹਾਦਸਾ ਵਾਪਰ ਸਕਦਾ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਕਮੇਟੀ ਮੈਂਬਰ ਗੁਰਮੇਜ ਸਿੰਘ ਤਿੰਮੋਵਾਲ ਅਤੇ ਬਾਜ਼ਾਰ ਕਮੇਟੀ ਟਾਂਗਰਾ ਦੇ ਪ੍ਰਧਾਨ ਕੁਲਵੰਤ ਸਿੰਘ ਸੰਗਰਾਏ ਨੇ ਕਸਬਾ ਟਾਂਗਰਾ ਦੇ ਦੁਕਾਨਦਾਰਾਂ ਅਤੇ ਇਲਾਕੇ ਦੇ ਮੋਹਤਬਰਾਂ ਦੀ ਹਾਜ਼ਰੀ ਵਿੱਚ ਕੀਤਾ ਆਗੂਆਂ ਨੇ ਕਿਹਾ ਕਿ ਲੰਮੇ ਅਰਸੇ ਬਾਅਦ ਬਣਾਇਆ ਗਿਆ ਫਲਾਈ ਓਵਰ ਬਹੁਤ ਹੀ ਘਟੀਆ ਮਟੀਰੀਅਲ ਅਤੇ ਤੈਅ ਮਿਆਰਾਂ ਮੁਤਾਬਿਕ ਨਹੀਂ ਬਣਾਇਆ ਗਿਆ, ਜਿਸ ਨਾਲ ਫਲਾਈ ਓਵਰ ਬਣਦਿਆਂ ਹੀ ਉਸ ਵਿੱਚ ਡੂੰਘੇ ਖੱਡੇ ਪੈ ਗਏ ਅਤੇ ਦੋਹੀਂ ਪਾਸੀਂ ਬਣੀਆਂ ਦੀਵਾਰਾਂ ਟੇਢੀਆਂ ਹੋ ਚੁੱਕੀਆਂ ਹਨ ਜੋ ਕਿਸੇ ਸਮੇਂ ਵੀ ਡਿੱਗ ਕੇ ਵੱਡੇ ਹਾਦਸੇ ਨੂੰ ਅੰਜਾਮ ਦੇ ਸਕਦੀਆਂ ਹਨ। ਫਲਾਈ ਓਵਰ ਦੇ ਉਪਰੋਂ ਤਾਂ ਕੀ ਹੇਠਾਂ ਬਣੇ ਸਰਵਿਸ ਰੋਡ ਉੱਪਰ ਜਾਣਾ ਵੀ ਮੌਤ ਨੂੰ ਸੱਦਾ ਦੇਣਾ ਹੈ। ਪਿਛਲੇ ਦਿਨੀ ਇਸ ਸਬੰਧੀ ਅਖਬਾਰਾਂ ਵਿੱਚ ਖਬਰਾਂ ਵੀ ਪ੍ਰਕਾਸ਼ਤ ਹੋਈਆਂ ਹਨ ਪਰ ਕਿਸੇ ਵੀ ਪ੍ਰਸ਼ਾਸਨਿਕ ਅਧਿਕਾਰੀ ਨੇ ਮੌਕਾ ਵੇਖਣ ਅਤੇ ਯੋਗ ਕਾਰਵਾਈ ਕਰਨ ਦੀ ਖੇਚਲ ਨਹੀਂ ਕੀਤੀ। ਆਗੂਆਂ ਨੇ ਕਿਹਾ ਕਿ ਕਿਸੇ ਵੀ ਕਸਬੇ ਉੱਪਰ ਬਣਨ ਵਾਲਾ ਫਲਾਈ ਓਵਰ ਪਿਲਰਾਂ ਤੇ ਅਧਾਰਿਤ ਹੋਣਾ ਚਾਹੀਦਾ ਹੈ, ਜਿਸ ਨਾਲ ਅਜਿਹੇ ਖਤਰਿਆਂ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਮੰਗ ਕੀਤੀ ਕਿ ਕਸਬੇ ਉੱਪਰ ਬਣਿਆ ਫਲਾਈ ਓਵਰ ਪਿੱਲਰਾਂ ਅਧਾਰਿਤ ਬਣਾਇਆ ਜਾਵੇ ਅਤੇ ਇਸ ਸਬੰਧੀ 13 ਸਤੰਬਰ ਸ਼ਾਮ 4 ਵਜੇ ਸੰਘਰਸ਼ ਦੀ ਰੂਪ ਰੇਖਾ ਉਲੀਕਣ ਲਈ ਕਸਬਾ ਟਾਂਗਰਾ ਅਤੇ ਇਲਾਕੇ ਦੇ ਸੁਹਿਰਦ ਲੋਕਾਂ ਦੀ ਮੀਟਿੰਗ ਕੀਤੀ ਜਾਵੇਗੀ। ਇਸ ਮੌਕੇ ਡਾਕਟਰ ਸਰਬਜੀਤ ਸਿੰਘ, ਸਵਿੰਦਰ ਸਿੰਘ ਖਹਿਰਾ, ਲਾਡੀ ਉੱਪਲ, ਗੁਰਪ੍ਰੀਤ ਸਿੰਘ ਤਿੰਮੋਵਾਲ, ਜਗਦੀਸ਼ ਸਿੰਘ ਬਿੱਟੂ ਕੋਟਲਾ ਅਤੇ ਹੋਰ ਮੋਹਤਬਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੁਆਰਾ ਬਾਬਾ ਦੀਪ ਸਿੰਘ ਜੀ ਵਿਖੇ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਅੱਜ 13 ਸਤੰਬਰ ਸਾਮ ਨੂੰ : ਭਾਈ ਸਾਹਿਬ ਸਿੰਘ ਸੰਧੂ

**ਜੰਡਿਆਲਾ ਗੁਰੂ, 12 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਸ੍ਰੀ ਗੁਰੂ ਰਾਮਦਾਸ ਸਾਹਿਬ ਸੇਵਾ ਸੁਸਾਇਟੀ ਰਜਿ ਵਡਾਲੀ ਡੋਗਰਾ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਤੇ ਸੁਸਾਇਟੀ ਦੇ ਖ਼ਜ਼ਾਨਚੀ ਦਵਿੰਦਰਪਾਲ ਸਿੰਘ ਗੋਰਾ ਨੇ ਸਾਂਝੇ ਬਿਆਨ ਵਿੱਚ ਜਾਣਕਾਰੀ ਦਿੰਦਿਆ ਹੋਇਆ ਦੱਸਿਆ ਕਿ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਤੇ ਸਰਬੱਤ ਦੇ ਭਲੇ ਲਈ ਬਾਬਾ ਦੀਪ ਸਿੰਘ ਜੀ ਗੁਰਦੁਆਰਾ ਸਾਹਿਬ ਵਡਾਲੀ ਡੋਗਰਾਂ ਵਿਖੇ



ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਅੱਜ 13 ਸਤੰਬਰ 2025, ਦਿਨ ਸ਼ਨੀਵਾਰ, ਨੂੰ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਸਾਮ ਨੂੰ 5:30 ਤੋਂ 7:00 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਪਾਏ ਜਾਣਗੇ ਉਪਰੰਤ ਸੰਧਿਆ ਦੀ ਗੁਰਬਾਣੀ 7:00 ਤੋਂ 7:30 ਵਜੇ ਤੱਕ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਕੀਤੇ ਜਾਣਗੇ ਅਤੇ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਗੁਰੂ ਘਰ ਦੇ ਕੀਰਤਨੀਏ ਭਾਈ ਇਕਬਾਲ ਸਿੰਘ ਮਨਾਵਾਂ ਅੰਮ੍ਰਿਤਸਰ ਸਾਹਿਬ ਵਾਲੇ ਧੁਰ ਕੀ ਬਾਣੀ ਇਲਾਹੀ ਗੁਰਬਾਣੀ ਦੇ ਜਸ ਸਰਵਣ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਕੀਰਤਨ ਦੀ ਸਮਾਪਤੀ ਤੋਂ ਉਪਰੰਤ ਸ਼੍ਰੋਮਣੀ ਪ੍ਰਚਾਰਕ ਭਾਈ ਹਰਪ੍ਰੀਤ ਸਿੰਘ ਜੰਡਿਆਲਾ ਗੁਰੂ ਵਾਲੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾ ਕਿ ਗੁਰੂ ਚਰਨਾਂ ਨਾਲ ਜੋੜਨਗੇ ਆਈਆਂ ਸੰਗਤਾਂ ਨੂੰ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਜਾਣਗੇ ! ਆਖਰ ਵਿੱਚ ਗੁਰੂ ਘਰ ਦੇ ਸੇਵਾਦਾਰ ਭਾਈ ਪਰਗਟ ਸਿੰਘ ਜੀ ਪਿੰਡ ਵਡਾਲੀ ਡੋਗਰਾਂ ਅੰਮ੍ਰਿਤਸਰ ਸਾਹਿਬ ਵੱਲੋਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਗੁਰਮਤਿ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ !

ਆਵਾਜ਼ਿ ਕੌਮ AWAZE QAUM International Newspaper & WEB TV

## ਭਾਰਤ-ਪਾਕਿਸਤਾਨ ਮੈਚ ਦਾ ਵਿਰੋਧ: ਫੈਡਰੇਸ਼ਨ ਨੇ ਗੁੱਸਾ ਜ਼ਾਹਰ ਕਰਨ ਲਈ ਖੇਡ ਮੰਤਰੀ ਦੀ ਫੋਟੋ ਨੂੰ ਲਈ ਅੱਗ







**ਨਵੀਂ ਦਿੱਲੀ 12 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਈਸਟ ਇੰਡੀਆ ਦੀ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਗੰਭੀਰ ਨੇ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਦਾ ਸਖ਼ਤ ਵਿਰੋਧ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਪਹਿਲਗਾਮ ਵਿਖ਼ੇ ਹੋਏ ਅੱਤਵਾਦੀ ਹਮਲੇ ਦੌਰਾਨ ਮਾਰੇ ਗਏ ਮਾਸੂਮ ਲੋਕਾਂ ਦੀ ਸ਼ਹਾਦਤ ਸਾਡੇ ਦਿਲਾਂ ਵਿੱਚ ਅਜੇ ਵੀ ਤਾਜ਼ਾ ਹੈ। ਅਜਿਹੇ ਸਮੇਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਕ੍ਰਿਕਟ ਮੈਚ ਦਾ ਆਯੋਜਨ ਸ਼ਹੀਦ ਪਰਿਵਾਰਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਹੈ। ਸਤਨਾਮ ਸਿੰਘ ਗੰਭੀਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜਿੰਨਾ ਚਿਰ ਪਾਕਿਸਤਾਨ ਦੀ ਧਰਤੀ ਤੋਂ ਅੱਤਵਾਦ ਵਧਦਾ ਰਹਿੰਦਾ ਹੈ ਅਤੇ ਸਾਡੇ ਸੈਨਿਕਾਂ 'ਤੇ ਹਮਲੇ ਜਾਰੀ ਰਹਿੰਦੇ ਹਨ, ਕਿਸੇ ਵੀ ਤਰ੍ਹਾਂ ਦਾ ਕ੍ਰਿਕਟ ਸਬੰਧ ਸਵੀਕਾਰਯੋਗ ਨਹੀਂ ਹੈ। ਉਨ੍ਹਾਂ ਸਰਕਾਰ ਅਤੇ ਬੀਸੀਸੀਆਈ ਨੂੰ ਸ਼ਹੀਦਾਂ ਦੀ ਸ਼ਹਾਦਤ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਚ ਰੱਦ ਕਰਨ ਦੀ ਅਪੀਲ ਕੀਤੀ। ਇਸੇ ਲੜੀ ਵਿੱਚ ਸਤਨਾਮ ਸਿੰਘ ਗੰਭੀਰ ਨੇ ਸਾਕਚੀ ਵਿੱਚ ਖੇਡ ਮੰਤਰੀ ਮਨਸੁਖ ਵਡਾਲੀਆ ਦੀ ਤਸਵੀਰ ਸਾੜ ਕੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਕਿਹਾ ਕਿ ਸੰਗਠਨ ਦੀ ਸਪੱਸ਼ਟ ਰਾਏ ਹੈ ਕਿ ਜਦੋਂ ਤੱਕ ਅੱਤਵਾਦ ਵਿਰੁੱਧ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ, ਭਾਰਤ- ਪਾਕਿਸਤਾਨ ਕ੍ਰਿਕਟ ਸਬੰਧਾਂ 'ਤੇ ਪਾਬੰਦੀ ਜਾਰੀ ਰਹਿਣੀ ਚਾਹੀਦੀ ਹੈ। ਇਸ ਪ੍ਰੋਗਰਾਮ ਵਿੱਚ ਰਣਜੀਤ ਸਿੰਘ ਜੌਹਰਾ, ਮਨਦੀਪ ਸਿੰਘ, ਗੁਰਦੀਪ ਸਿੰਘ, ਰਊਨਕ ਸਚਦੇਵ, ਜਗਪ੍ਰੀਤ ਸਿੰਘ, ਅਮਰਪਾਲ ਸਿੰਘ, ਅਮਰਜੀਤ ਸਿੰਘ, ਮਨਮੀਤ ਲੂਥਰਾ, ਇੰਦਰਪਾਲ ਸਿੰਘ ਭਾਟੀਆ, ਅਮਿਤ ਖਰਬੰਦਾ, ਜਤਿੰਦਰ ਸਿੰਘ ਸ਼ਾਲੂ ਮੁੱਖ ਤੌਰ 'ਤੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਟਾਰ ਪੈਲੇਸ ਦੇ ਨਜਦੀਕ ਲੰਗਰ ਪੜਾਅ ਤੇ 25 ਸਾਲ ਤੋਂ ਝੂਲਦੇ ਨਿਸ਼ਾਨ ਸਾਹਿਬ ਨੂੰ ਉਤਾਰਨ ਵਾਲਿਆਂ ਵਿਰੁੱਧ

# ਪ੍ਰਸ਼ਾਸਨ ਕਰੇ ਸਖ਼ਤ ਕਾਰਵਾਈ : ਨਿਹੰਗ ਸਿੰਘ ਜਥੇਬੰਦੀਆਂ





**ਜੰਡਿਆਲਾ ਗੁਰੂ 12 ਸਤੰਬਰ (ਕੁਲਵੰਤ ਸਿੰਘ ਵਿਰਦੀ)**-ਜੰਡਿਆਲਾ ਗੁਰੂ ਤਰਨਤਾਰਨ ਬਾਈਪਾਸ ਨੇੜੇ ਸਟਾਰ ਪੈਲੇਸ ਕੋਲ ਲਗਭਗ 25 ਸਾਲ ਦੇ ਕਰੀਬ ਲਗ ਰਹੇ ਲੰਗਰ ਵਾਲੇ ਅਸਥਾਨ ਤੇ ਨਿਸ਼ਾਨ ਸਾਹਿਬ ਲੱਗਾ ਹੋਇਆ ਸੀ ਜਿਸਨੂੰ ਨਾਲ ਹੀ ਲਗਦੀ ਜ਼ਮੀਨ ਦੇ ਮਾਲਕਾਂ ਵਲੋ ਬਿਨਾਂ ਸੂਚਨਾ ਤੋਂ ਉਤਾਰ ਦਿੱਤਾ ਗਿਆ ਸੀ ਅਤੇ ਨਾਲ ਹੀ ਗੁਰਮਰਿਆਦਾ ਦੇ ਉਲਟ ਚੱਲਦਿਆਂ ਇਕ ਮਕਾਨ ਵਿੱਚ ਟੇਡਾ ਕਰਕੇ ਰੱਖ ਦਿੱਤਾ ਸੀ । ਇਹ ਮਾਮਲਾ ਸ਼ੋਸ਼ਲ ਮੀਡੀਆ ਵਿੱਚ ਆਉਣ ਤੋਂ ਬਾਅਦ ਸਿੱਖ ਸੰਗਤਾਂ ਵਿੱਚ ਰੋਸ ਦੀ ਲਹਿਰ ਦੌੜ ਗਈ ਅਤੇ ਓਹਨਾਂ ਨੇ ਮੰਗ ਰੱਖ ਦਿੱਤੀ ਕਿ ਸ਼੍ਰੀ ਨਿਸ਼ਾਨ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲੇ ਵਿਚ ਦੋਸ਼ੀਆ ਖਿਲਾਫ ਮਾਮਲਾ ਦਰਜ ਕੀਤਾ ਜਾਵੇ । ਅੱਜ ਮੌਕੇ ਤੇ ਪਹੁੰਚੀਆਂ ਨਿਹੰਗ ਸਿੰਘ ਜਥੇਬੰਦੀਆਂ, ਲੰਗਰ ਕਮੇਟੀ ਦੇ ਮੈਬਰਾਂ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ਦੁਬਾਰਾ ਫਿਰ ਨਿਸ਼ਾਨ ਸਾਹਿਬ ਨੂੰ ਵਾਪਿਸ ਉਸੇ ਜਗ੍ਹਾ ਉਪਰ ਲਗਾ ਦਿੱਤਾ । ਇਸ ਮੌਕੇ ਨਿਹੰਗ ਸਿੰਘ ਫੌਜਾਂ ਤੋਂ ਸਿੰਘ ਸਾਹਿਬ ਨੇ ਗੱਲਬਾਤ ਦੌਰਾਨ ਕਿਹਾ ਕਿ ਇਹ ਨਿਸ਼ਾਨ ਸਾਹਿਬ ਬਾਬਾ ਦਇਆ ਸਿੰਘ ਦੀਆਂ ਫੌਜਾਂ ਵੱਲੋਂ ਝੂਲਾ ਦਿੱਤਾ ਗਿਆ ਹੈ ਅਸੀਂ ਪ੍ਰਸ਼ਾਸਨ ਕੋਲੋਂ ਮੰਗ ਕਰਦੇ ਹਾਂ ਕਿ ਨਿਸ਼ਾਨ ਸਾਹਿਬ ਉਤਾਰਨ ਵਾਲੇ ਦੋਸੀਆਂ ਨਕਮੇ ਲੁਕਾਇਆ ਨਾ ਜਾਵੇ ਇਨਾਂ ਉਪਰ ਸਖਤ ਕਾਰਵਾਈ ਕਰਦਿਆ ਹੋਇਆ ਪਰਚਾ ਦਰਜ ਕੀਤਾ ਜਾਵੇ ਅੱਗੇ ਕਮੇਟੀ ਦੇ ਪ੍ਰਧਾਨ ਦਿਲਬਾਗ ਸਿੰਘ ਅਤੇ ਸਮਾਜ ਸੇਵੀ ਸੋਨੂੰ ਵਿਰਕ ਨੇ ਦੱਸਿਆ ਕਿ ਇਕ ਵਾਰ ਨਿਸ਼ਾਨ ਸਾਹਿਬ ਦੀ ਬੇਅਦਬੀ ਕਰਨ ਤੋਂ ਬਾਅਦ ਦੋਸ਼ੀਆਂ ਵਲੋ ਨਿਸ਼ਾਨ ਸਾਹਿਬ ਨੂੰ ਗਾਇਬ ਕਰਨ ਦੀ ਨੀਅਤ ਨਾਲ ਟਰਾਲੀ ਵਿੱਚ ਲੱਦਕੇ ਲਿਜਾਇਆ ਜਾ ਰਿਹਾ ਸੀ ਜਿੰਨਾਂ ਨੂੰ ਰੋਕਕੇ ਨਿਸ਼ਾਨ ਸਾਹਿਬ ਓਹਨਾਂ ਦੇ ਕਬਜੇ ਵਿੱਚੋ ਵਾਪਿਸ ਲੈਕੇ ਉਸੇ ਜਗ੍ਹਾ ਉਪਰ ਫਿਰ ਨਿਸ਼ਾਨ ਸਾਹਿਬ ਝੂਲਾ ਦਿੱਤਾ ਗਿਆ ਹੈ।

**ਬਾਬਾ ਦਇਆ ਸਿੰਘ ਦੀਆਂ ਫੌਜਾਂ ਵੱਲੋਂ ਅੱਜ ਫਿਰ ਝੁਲਾਇਆ ਗਿਆ**

ਬੀਡੀਓ ਤੇ ਸਟਾਫ਼ ਤਰਸਿੱਕਾ ਬਲਾਕ ਵਿੱਚ ਹੀ ਬੈਠ ਕੇ ਕਰਣਗੇ ਸਾਰੇ ਕੰਮ

# ਵਿਰੋਧੀ ਲੋਕਾਂ ਨੂੰ ਗੁੰਮਰਾਹ ਕਰਨਾ ਬੰਦ ਕਰਨ — ਆਪ





**ਚੌਕ ਮਹਿਤਾ,11 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਤਰਸਿੱਕਾ ਬਲਾਕ ਵਿੱਚ ਅੱਜ ਆਮ ਆਦਮੀ ਪਾਰਟੀ ਵੱਲੋਂ ਭਾਰੀ ਇਕੱਠ ਕੀਤਾ ਗਿਆ, ਜਿਸ ਵਿੱਚ ਗਹਿਰੀ ਮੰਡੀ ਮਾਰਕੀਟ ਕਮੇਟੀ ਚੇਅਰਮੈਨ ਸ਼ਨਾਖ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਮਹਿਤਾ ਡਾਕਟਰ ਗੁਰਵਿੰਦਰ ਸਿੰਘ,ਮੈਂਬਰ ਪੰਜਾਬ ਸਬੋਰਡੀਨੇਟ ਸਰਵਿਸਿਜ਼ ਬੋਰਡ ਨਰੇਸ਼ ਪਾਠਕ, ਸਰਬਜੀਤ ਡਿੰਪੀ, ਸਰਪੰਚਾਂ, ਪੰਚਾਂ ਅਤੇ ਵਲੰਟੀਅਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਬੁਲਾਰਿਆਂ ਅਤੇ ਬੀਡੀਓ ਸਾਹਿਬ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ਵਿਰੋਧੀ ਪਾਰਟੀਆਂ ਬੇਬੁਨਿਆਦ ਪ੍ਰਚਾਰ ਕਰਕੇ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਹਕੀਕਤ ਇਹ ਹੈ ਕਿ ਬੀਡੀਓ ਤੇ ਸਾਰਾ ਸਟਾਫ਼ ਤਰਸਿੱਕਾ ਬਲਾਕ ਵਿੱਚ ਹੀ ਬੈਠ ਕੇ ਸਾਰੇ ਸਰਕਾਰੀ ਕੰਮ ਨਿਭਾਉਣਗੇ ਅਤੇ ਕਿਸੇ ਵੀ ਇਲਾਕਾ ਨਿਵਾਸੀ ਨੂੰ ਕਿਤੇ ਹੋਰ ਨਹੀਂ ਜਾਣਾ ਪਵੇਗਾ । ਚੇਅਰਮੈਨ ਸ਼ਨਾਖ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਕਾਲੀ, ਕਾਂਗਰਸ ਅਤੇ ਭਾਜਪਾ ਵਰਗੀਆਂ ਵਿਰੋਧੀ ਪਾਰਟੀਆਂ ਸਿਰਫ਼ ਲੋਕਾਂ ਨੂੰ ਭਟਕਾਉਣ ਦਾ ਕੰਮ ਕਰ ਰਹੀਆਂ ਹਨ, ਜਦਕਿ ਆਮ ਆਦਮੀ ਪਾਰਟੀ ਲੋਕਾਂ ਦੇ ਹਿੱਤਾਂ ਵਿੱਚ ਠੋਸ ਫੈਸਲੇ ਕਰ ਰਹੀ ਹੈ। ਉਨ੍ਹਾਂ ਨੇ ਵਿਰੋਧੀ ਪਾਰਟੀਆਂ ਨੂੰ ਨਸੀਹਤ ਦਿੱਤੀ ਕਿ ਲੋਕਾਂ ਦੀਆਂ ਮੁਸ਼ਕਲਾਂ ਵਧਾਉਣ ਦੀ ਬਜਾਏ ਉਹ ਵੀ ਲੋਕ ਭਲਾਈ ਦੇ ਕੰਮਾਂ ਵਿੱਚ ਸਹਿਯੋਗ ਕਰਨ। ਨਰੇਸ਼ ਪਾਠਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਸੱਚਮੁੱਚ ਲੋਕਾਂ ਦੀ ਸਰਕਾਰ ਹੈ, ਜੋ ਹਮੇਸ਼ਾਂ ਲੋਕਾਂ ਦੇ ਹੱਕ ਵਿੱਚ ਖੜ੍ਹੀ ਹੈ। ਉਨ੍ਹਾਂ ਨੇ ਕਿਹਾ ਕਿ ਪਾਰਟੀ ਦੀ ਨੀਤੀ ਸਿਰਫ਼ ਤੇ ਸਿਰਫ਼ ਲੋਕਾਂ ਨੂੰ ਸੁਵਿਧਾਵਾਂ ਦੇਣ ਦੀ ਹੈ, ਨਾ ਕਿ ਵਿਰੋਧੀਆਂ ਵਾਂਗ ਝੂਠੇ ਪ੍ਰਚਾਰ ਕਰਨ ਦੀ। ਆਮ ਆਦਮੀ ਪਾਰਟੀ ਨੇ ਹਮੇਸ਼ਾਂ ਲੋਕਾਂ ਨੂੰ ਸੱਚ ਦੱਸਿਆ ਹੈ ਅਤੇ ਸਰਕਾਰ ਦੇ ਹਰ ਫ਼ੈਸਲੇ ਦਾ ਮੁੱਖ ਉਦੇਸ਼ ਆਮ ਜਨਤਾ ਦੀ ਭਲਾਈ ਕਰਨਾ ਹੈ। ਬੀਡੀਓ ਤਰਸਿੱਕਾ ਸ੍ਰੀ ਮਲਕੀਤ ਸਿੰਘ ਨੇ ਲੋਕਾਂ ਨੂੰ ਯਕੀਨ ਦਵਾਇਆ ਕਿ ਸਰਕਾਰ ਵੱਲੋਂ ਤਰਸਿੱਕਾ ਬਲਾਕ ਤੋਂ ਹੀ ਸੰਬੰਧਤ ਸਾਰੇ ਪਿੰਡਾਂ ਦੇ ਕੰਮ ਨਿਪਟਾਉਣ ਲਈ ਪੱਕਾ ਫ਼ੈਸਲਾ ਕੀਤਾ ਜਾ ਚੁੱਕਾ ਹੈ ਅਤੇ ਇਸ ਵਿਚ ਕਿਸੇ ਨੂੰ ਵੀ ਗਲਤਫ਼ਹਿਮੀ ਨਹੀਂ ਹੋਣੀ ਚਾਹੀਦੀ ।ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ 2027 ਵਿੱਚ ਆਪ ਦੀ ਜਿੱਤ ਤੇ ਲਾਈ ਮੋਹਰ ।ਇਸ ਸਮੇਂ ਸਾਰੇ ਬੁਲਾਰਿਆਂ ਨੇ ਇਕਸੁਰਤਾ ਵਿੱਚ ਸਰਦਾਰ ਹਰਭਜਨ ਸਿੰਘ ਈ.ਟੀ.ਓ ਦੁਆਰਾ ਕੀਤੇ ਗਏ ਵਿਕਾਸ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਈ.ਟੀ.ਓ ਜੀ ਨੇ ਜੰਡਿਆਲਾ ਗੁਰੂ ਹਲਕੇ ਦੇ ਬਹੁਪੱਖੀ ਵਿਕਾਸ ਕਰਕੇ (ਵਿਕਾਸ ਪੁਰਸ਼) ਦਾ ਦਰਜਾ ਹਾਸਿਲ ਕਰ ਚੁੱਕੇ ਹਨ। ਇਸ ਮੌਕੇ ਸਰਪੰਚ ਜਗਦੀਪ ਸਿੰਘ, ਸਰਪੰਚ ਜਰਮਨਜੀਤ ਸਿੰਘ, ਸਰਪੰਚ ਗੁਰਮੁੱਖ ਸਿੰਘ ਸਰਜਾ, ਸਰਪੰਚ ਦਵਿੰਦਰ ਸਿੰਘ, ਸਰਪੰਚ ਜਗਦੀਪ ਸਿੰਘ ਜੱਜ, ਬਲਾਕ ਪ੍ਰਧਾਨ ਜਰਮਨਜੀਤ ਸਿੰਘ, ਗੁਰਜਿੰਦਰ ਸਿੰਘ, ਬਲਰਾਜ ਸਿੰਘ, ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਸ਼ਾਹ, ਬਲਾਕ ਪ੍ਰਧਾਨ ਸੁਖਦੇਵ ਸਿੰਘ, ਬਲਾਕ ਪ੍ਰਧਾਨ ਭੁਪਿੰਦਰ ਸਿੰਘ, ਹਰਪਾਲ ਸਿੰਘ ਚੌਹਾਨ, ਬਲਾਕ ਪ੍ਰਧਾਨ ਗੁਰਜਿੰਦਰ ਸਿੰਘ, ਬਲਾਕ ਪ੍ਰਧਾਨ ਅਜੈ ਗਾਂਧੀ, ਬਲਾਕ ਪ੍ਰਧਾਨ ਬਲਜਿੰਦਰ ਸਿੰਘ, ਸਰਪੰਚ ਜਗਰੂਪ ਸਿੰਘ ਚੋਹਾਨ, ਸਰਪੰਚ ਜਰਮਨਜੀਤ ਸਿੰਘ ਹਰਜਿੰਦਰ ਸਿੰਘ ਸੈਦਪੁਰ ਅਤੇ ਹੋਰ ਸਾਥੀ ਹਾਜ਼ਰ ਸਨ।

# ਦੇਸ਼ ਦੇ ਵਪਾਰੀਆਂ ਦਾ ਕਰੋੜਾਂ ਦਾ ਸਾਮਾਨ ਨੇਪਾਲ ਵਿਚ ਹੋਏ ਵਿਰੋਧ ਪ੍ਰਦਰਸ਼ਨਾਂ ਕਾਰਨ ਰਸਤੇ ਵਿੱਚ ਫਸਿਆ- ਪੰਮਾ

**ਨਵੀਂ ਦਿੱਲੀ 12 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਨੇਪਾਲ ਵਿੱਚ ਜਨਰੇਸ਼ਨ ਜ਼ੈੱਡ ਦੀ ਅਗਵਾਈ ਵਿੱਚ ਹਾਲ ਹੀ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਕਾਰਨ ਭਾਰਤੀ ਵਪਾਰੀਆਂ ਨੂੰ ਬਹੁਤ ਨੁਕਸਾਨ ਹੋਇਆ ਹੈ। ਸਦਰ ਬਾਜ਼ਾਰ ਬੜੀ ਮਾਰਕੀਟ ਟਰੇਡਜ਼ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਦੇ ਅਨੁਸਾਰ, ਸਦਰ ਬਾਜ਼ਾਰ ਸਮੇਤ ਪੁਰਾਣੀ ਦਿੱਲੀ ਤੋਂ ਵੱਡੀ ਮਾਤਰਾ ਵਿੱਚ ਸਾਮਾਨ ਨੇਪਾਲ ਜਾਂਦਾ ਹੈ। ਸਦਰ ਬਾਜ਼ਾਰ ਦਿੱਲੀ ਦਾ ਇੱਕ ਵੱਡਾ ਥੋਕ ਬਾਜ਼ਾਰ ਹੈ ਜੋ ਆਪਣੇ ਵਿਭਿੰਨ ਉਤਪਾਦਾਂ ਲਈ ਜਾਣਿਆ ਜਾਂਦਾ ਹੈ। ਇਹ ਬਾਜ਼ਾਰ ਆਪਣੇ ਉਤਪਾਦਾਂ ਨੂੰ ਨੇਪਾਲ ਸਮੇਤ ਹੋਰ ਦੇਸ਼ਾਂ ਨੂੰ ਵੀ ਨਿਰਯਾਤ ਕਰਦਾ ਹੈ।



ਸਦਰ ਬਾਜ਼ਾਰ ਵਿੱਚ ਕਈ ਘਰੇਲੂ ਵਸਤੂਆਂ ਥੋਕ ਵਿੱਚ ਵੇਚੀਆਂ ਜਾਂਦੀਆਂ ਹਨ ਜਿਵੇਂ ਕਿ ਭਾਂਡੇ, ਕਰੌਕਰੀ, ਗਹਿਣੇ, ਖਿਡੌਣੇ, ਸਟੇਸ਼ਨਰੀ, ਟੇਲਰਿੰਗ ਸਮੱਗਰੀ, ਕੱਪੜੇ, ਜੁੱਤੇ, ਚੱਪਲਾਂ ਅਤੇ ਹੋਰ ਤੋਹਫ਼ੇ ਦੀਆਂ ਵਸਤੂਆਂ ਵੱਡੀ ਮਾਤਰਾ ਵਿੱਚ ਨੇਪਾਲ ਭੇਜੀਆਂ ਜਾਂਦੀਆਂ ਹਨ। ਪੰਮਾ ਨੇ ਕਿਹਾ ਕਿ ਬਹੁਤ ਸਾਰੇ ਵਪਾਰੀਆਂ ਦਾ ਸਾਮਾਨ ਨੇਪਾਲ ਜਾਣ ਵਾਲੇ ਰਸਤੇ ਵਿੱਚ ਫਸਿਆ ਹੋਇਆ ਹੈ ਅਤੇ ਕੁਝ ਪਹਿਲਾਂ ਹੀ ਨੇਪਾਲ ਪਹੁੰਚ ਚੁੱਕੇ ਹਨ ਜਿਸ ਵਿੱਚ ਭਾਰਤੀ ਵਪਾਰੀਆਂ ਨੇ ਪੈਸੇ ਲਗਾਏ ਹਨ ਅਤੇ ਕੁਝ ਆਰਡਰ ਇੱਥੇ ਤਿਆਰ ਹਨ।

ਨੇਪਾਲ ਵਿੱਚ ਵਿਗੜਦੀ ਸਥਿਤੀ ਨਾਲ ਭਾਰਤ ਦਾ ਵਪਾਰ ਬਹੁਤ ਪ੍ਰਭਾਵਿਤ ਹੋਵੇਗਾ। ਇਸ ਲਈ ਕੇਂਦਰ ਸਰਕਾਰ ਨੂੰ ਵਪਾਰੀਆਂ ਦੇ ਹਿੱਤ ਲਈ ਅੱਗੇ ਆ ਕੇ ਇਸ ਮਸਲੇ ਹੱਲ ਕਰਵਾਣ ਲਈ ਪਹਿਲ ਕਰਣ ਦੀ ਸਖ਼ਤ ਜਰੂਰਤ ਹੈ।

# ਯੂ ਅਰ ਸੇਵਾ ਸੋਸਾਇਟੀ ਜਬੋਵਾਲ ਦੇ ਸੇਵਾਦਾਰਾਂ ਵੱਲੋਂ ਹੜ੍ਹ ਪੀੜ੍ਹਤਾਂ ਦੀ ਮਦਦ ਵਾਸਤੇ ਮੈਡੀਕਲ ਕੈਂਪ ਲਗਾਇਆ ਗਿਆ



**ਜੰਡਿਆਲਾ ਗੁਰੂ, 12 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਪੰਜਾਬ ਵਿੱਚ ਹੜਾਂ ਦੀ ਆਈ ਆਫਤ ਨਾਲ਼ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ। ਲੋਕਾਂ ਦੇ ਘਰ ਢਹ ਢੇਰੀ ਹੋ ਗਏ ਹਨ ਕਰੋੜਾਂ ਅਰਬਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਲੋਕਾਂ ਦੇ ਮਾਲ ਡੰਗਰ ਪਾਣੀ ਵਿੱਚ ਵਹਿ ਗਏ ਹਨ। ਅਤੇ ਲੋਕਾਂ ਵੱਲੋਂ ਸੁਪਨਿਆਂ ਦੇ ਬਣਾਏ ਮਹਿਲ ਵੀ ਮਿੰਟਾਂ ਸੈਕਿੰਡਾਂ ਵਿੱਚ ਢਹਿ ਢੇਰੀ ਹੋ ਗਏ ਹਨ।। ਪਰ ਪੰਜਾਬ ਇੱਕ ਅਜਿਹਾ ਸੂਬਾ ਹੈ ਜਿਸ ਦੇ ਲੋਕ ਫਿਰ ਵੀ ਅਡੋਲ ਹਨ।। ਤੇ ਫਿਰ ਵੀ ਆਪਣੇ ਹੌਸਲੇ ਬੁਲੰਦ ਰੱਖ ਰਹੇ ਹਨ।। ਹੜ ਪੀੜਤਾਂ ਦੀ ਮਦਦ ਵਾਸਤੇ ਬਹੁਤ ਹੀ ਦਾਨੀ ਸੱਜਣਾਂ ਨੇ ਆਪਣਾ ਫਰਜ਼ ਨਿਭਾਇਆ। ਲੋਕਾਂ ਦੇ ਖਾਣ ਪੀਣ ਵਾਸਤੇ ਲੰਗਰ ,ਪਸ਼ੂਆਂ ਦਾ ਚਾਰਾ ਪਸ਼ੂਆਂ ਦੀਆਂ ਖਾਣ ਪੀਣ ਵਾਲੀਆਂ ਵਸਤੂਆਂ ਦੇ ਭੰਡਾਰ ਹੀ ਇਕੱਠੇ ਕਰ ਦਿੱਤੇ। ਪੰਜਾਬ ਦੇ ਲੋਕਾਂ ਨੇ ਹੀ ਪੰਜਾਬ ਦੇ ਲੋਕਾਂ ਦੀ ਬਾਂਹ ਫੜੀ ਹੈ। ਜਿੱਥੇ ਲੋਕਾਂ ਨੇ ਖਾਣ ਪੀਣ ਦੀਆਂ ਵਸਤਾਂ ਹਰ ਪੀੜਤਾਂ ਨੂੰ ਮੁਹਾਈਆ ਕਰਵਾਈਆਂ ਹਨ ਉੱਥੇ ਹੀ ਹੁਣ ਹੜ ਪੀੜਤ ਲੋਕਾਂ ਵਾਸਤੇ ਮੈਡੀਕਲ ਸਹੂਲਤ ਮੁਹਈਆ ਕਰਵਾਉਣੀ ਬਹੁਤ ਹੀ ਜਰੂਰੀ ਹੈ। ਅਜਿਹੀ ਹੀ ਮੈਡੀਕਲ ਸਹੂਲਤ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਯੂ ਆਰ ਸੇਵਾ ਸੋਸਾਇਟੀ ਸੰਤ ਬਾਬਾ ਗੁਰਬਖਸ ਸਿੰਘ ਜੀ ਖਾਲਸਾ ਜੱਬੋਵਾਲ ਅਕੈਡਮੀ ਦੇ ਸੇਵਾਦਾਰਾਂ ਵੱਲੋਂ ਗੁਰਦਾਸਪੁਰ ਵਾਲੀ ਸਾਈਡ ਤੇ ਹੜ ਪੀੜਿਤ ਲੋਕਾਂ ਵਾਸਤੇ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਹਰ ਤਰ੍ਹਾਂ ਦੀਆਂ ਦਵਾਈਆਂ ਲੋਕਾਂ ਦੀ ਸਹੂਲਤ ਵਾਸਤੇ ਵੰਡੀਆਂ ਗਈਆਂ। ਯੂਅਰ ਸੇਵਾ ਸੁਸਾਇਟੀ ਪਿਛਲੇ ਲੰਮੇ ਸਮੇਂ ਤੋਂ ਹੜ ਪੀੜਤਾਂ ਦੀ ਮਦਦ ਵਾਸਤੇ ਆਪਣੀ ਸੇਵਾ ਨਿਭਾ ਰਹੀ ਹੈ। ਅਤੇ ਇਹ ਪਹਿਲੇ ਦਿਨ ਤੋਂ ਹੀ ਰਮਦਾਸ ਵਾਲੀ ਸਾਈਡ ਤੇ ਹੜ ਪੀੜਤਾਂ ਲੋਕਾਂ ਦੀ ਮਦਦ ਕਰ ਰਹੀ ਹੈ ਇਸ ਮੌਕੇ ਤੇ ਸੰਤ ਬਾਬਾ ਗੁਰਬਖਸ਼ ਸਿੰਘ ਜੱਬੋਵਾਲ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਬਾਬਾ ਮਲਕੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਗੁਰੂ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਸਾਡੀ ਸੇਵਾ ਨਿਰੰਤਰ ਜਾਰੀ ਹੈ ਅਤੇ ਹੁਣ ਅਸੀਂ ਥੋੜੇ ਦਿਨਾਂ ਤੱਕ ਘਰਾਂ ਦੀ ਉਸਾਰੀ ਬਾਰੇ ਵੀ ਪਹਿਲ ਕਦਮੀ ਕਰਾਂਗੇ ।ਇਸ ਮੌਕੇ ਤੇ, ਬਾਬਾ ਮਲਕੀਤ ਸਿੰਘ ਮੁੱਖ ਸੇਵਾਦਾਰ , ਭਾਈ ਸੁਖਚੈਨ ਸਿੰਘ ਗਿਆਨੀ ਤੇਜ ਬੀਰ ਸਿੰਘ ।ਪ੍ਰਿੰਸੀਪਲ ਸੁਰਿੰਦਰਜੀਤ ਸਿੰਘ, ਜਸਪਾਲ ਸਿੰਘ (ਟੋਮਾ), ਸੁਖਦੇਵ ਸਿੰਘ ,ਗੁਰਬਾਜ ਸਿੰਘ ਬਾਜ, ਗੁਰਪਿੰਦਰ ਸਿੰਘ ,ਡਾਕਟਰ ਹਰਜੀਤ ਸਿੰਘ, ਵਿਕਾਸ ਸ਼ਰਮਾ, ਆਦਿ ਸੇਵਾਦਾਰ ਹਾਜ਼ਰ ਸਨ।

# ਸ਼ਹਿਰ ਵਾਸੀਆਂ ਨੂੰ ਕਦੋਂ ਮਿਲੇਗੀ ਰਾਹਤ ਸੜਕਾਂ ਤੇ ਪਏ ਖੱਡਿਆਂ ਤੋਂ, ਨਿੱਤ ਵਾਪਰ ਰਹੇ ਹਾਦਸਿਆਂ ਤੋਂ ਨਗਰ ਕੌਂਸਲ ਹੋਵੇ ਸੁਚੇਤ



ਫ਼ਿਰੋਜ਼ਪੁਰ, 12 ਸਤੰਬਰ (ਮਨੋਹਰ ਲਾਲ) :— ਨਗਰ ਕੌਂਸਲ ਫ਼ਿਰੋਜ਼ਪੁਰ ਸ਼ਹਿਰ ਅਧੀਨ ਆਉਂਦੀਆਂ ਸੜਕਾਂ ਦੀ ਹਾਲਤ ਏਨ੍ਹੀ ਖਰਾਬ ਹੋ ਚੁੱਕੀ ਹੈ ਕਿ ਹਰ ਰੋਜ਼ ਇਨ੍ਹਾਂ ਸੜਕਾਂ ਤੇ ਖੱਡਿਆਂ ਕਾਰਣ ਹਾਦਸੇ ਵਾਪਰ ਰਹੇ ਹਨ ਅਤੇ ਜਾਨੀ ਮਾਲੀ ਨੁਕਸਾਨ ਹੋਣ ਦੇ ਨਾਲ—ਨਾਲ ਮਸ਼ੀਨਰੀ ਦਾ ਵੀ ਕਾਫੀ ਵੱਡੇ ਪੱਧਰ ਤੇ ਨੁਕਸਾਨ ਹੋ ਰਿਹਾ ਹੈ, ਪਰ ਨਗਰ ਕੌਂਸਲ ਦੇ ਅਧਿਕਾਰੀ ਕੁੰਭ ਕਰਨ ਦੀ ਨੀਂਦ ਸੁੱਤੇ ਪਏ ਹਨ ਅਤੇ ਲੋਕਾਂ ਦੇ ਹੋ ਰਹੇ ਇੰਨੇ ਵਿਰੋਧ ਦਾ ਵੀ ਇਨ੍ਹਾਂ ਤੇ ਕੋਈ ਅਸਰ ਨਹੀਂ ਹੋ ਰਿਹਾ। ਬਾਰਸ਼ਾਂ ਦੇ ਦਿਨਾਂ ਵਿਚ ਇਨ੍ਹਾਂ ਡੂੰਘੇ ਪਏ ਖੱਡਿਆਂ ਵਿਚ ਪਾਣੀ ਭਰਿਆ ਹੋਣ ਕਾਰਣ ਵਾਹਨ ਚਾਲਕਾਂ ਨੂੰ ਇਨ੍ਹਾਂ ਦਾ ਪਤਾ ਨਾ ਲੱਗਣ ਕਾਰਣ ਹੋਰ ਵੀ ਰਾਹਗੀਰਾਂ ਦਾ ਨੁਕਸਾਨ ਹੋਣ ਦੇ ਕਾਰਣ ਵੱਧ ਜਾਂਦੇ ਹਨ, ਇਥੋਂ ਤੱਕ ਕਿ ਰਾਹਗੀਰਾਂ ਦੀ ਮਸ਼ੀਨਰੀ ਦਾ ਨੁਕਸਾਨ ਹੋਣ ਦੇ ਨਾਲ ਕਈਆਂ ਦੇ ਅੰਗ ਵੀ ਟੁੱਟ ਚੁੱਕੇ ਹਨ, ਜ਼ੋ ਨਗਰ ਕੌਂਸਲ ਅਧਿਕਾਰੀਆਂ ਨੂੰ ਕੋਸ ਰਹੇ ਹਨ। ਪਿਛਲੇ ਦਿਨੀਂ ਨਗਰ ਕੌਂਸਲ ਦੇ ਪ੍ਰਧਾਨ ਰਿੰਕੂ ਗਰੋਵਰ ਵੱਲੋਂ ਇਹ ਬਿਆਨ ਜਾਰੀ ਕੀਤਾ ਗਿਆ ਸੀ ਕਿ ਜਲਦੀ ਹੀ ਨਗਰ ਕੌਂਸਲ ਅਧੀਨ ਆਉਂਦੀਆਂ ਸੜਕਾਂ ਦੀ ਮੁਰੰਮਤ ਕੀਤੀ ਜਾਵੇਗੀ, ਜਿਸ ਲਈ ਫੰਡ ਵੀ ਮੁਹਇਆ ਹੋ ਚੁੱਕੇ ਹਨ, ਪਰ ਇਨ੍ਹਾਂ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਹਾਲੇ ਇਨ੍ਹਾਂ ਸੜਕਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਜਦ ਇਸ ਬਾਰੇ ਸਾਬਕਾ ਕੌਂਸਲਰ ਦਲਜੀਤ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਰੋਹ ਭਰੇ ਸ਼ਬਦਾਂ ਵਿਚ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਸਾਰੇ ਟੈਕਸ ਭਰਨ ਦੇ ਬਾਵਜੂਦ ਵੀ ਮੁੱਢਲੀਆਂ ਸਹੂਲਤਾਂ ਨਹੀਂ ਮਿਲ ਰਹੀਆਂ, ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜਦ ਸੜਕਾਂ ਦੀ ਮੁਰੰਮਤ ਲਈ ਫੰਡ ਵੀ ਮੁਹਇਆ ਹੋ ਚੁੱਕੇ ਹਨ ਤਾਂ ਇਸ ਨੂੰ ਪਹਿਲ ਦੇ ਆਧਾਰ ਤੇ ਸੜਕਾਂ ਦੀ ਮੁਰੰਮਤ ਕਰਨੀ ਚਾਹੀਦੀ ਹੈ ਤਾਂ ਜ਼ੋ ਲੋਕਾਂ ਦਾ ਕਿਸੇ ਪੱਖੋਂ ਨੁਕਸਾਨ ਹੋਣ ਤੋਂ ਬਚ ਸਕੇ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਸਮਾਜਸੇਵੀ ਡਾ. ਹਰਨੇਕ ਸਿੰਘ ਪੰਚਕੂਲਾ ਦੀ ਅੰਤਿਮ ਅਰਦਾਸ ਮੌਕੇ

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਅਤੇ ਹੋਰ ਪੰਥਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ













ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਸਮਾਜਸੇਵੀ ਡਾ. ਹਰਨੇਕ ਸਿੰਘ ਪੰਚਕੂਲਾ ਦੀ ਅੰਤਿਮ ਅਰਦਾਸ ਅੱਜ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਵਿਖੇ ਦੀਵਾਨ ਹਾਲ ਵਿੱਚ ਹੋਈ ਇਸ ਸਮੇਂ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ,ਭਾਈ ਇੰਦਰਜੀਤ ਸਿੰਘ ਰਬਾਬੀ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਨਾਢਾ ਸਾਹਿਬ ਨੇ ਵੈਰਾਗਮਾਈ ਕੀਰਤਨ ਕੀਤਾ ਗਿ: ਜਗਜੀਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਨਾਢਾ ਸਾਹਿਬ ਵੱਲੋਂ ਅਰਦਾਸ ਕੀਤੀ ਗਈ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ,ਸ.ਗੁਰਮੀਤ ਸਿੰਘ ਰਾਮਸਰ ਕਾਲਕਾ ਸੀਨੀਅਰ ਮੀਤ ਪ੍ਰਧਾਨ,ਸ.ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ,ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਸੀਨੀਅਰ ਮੈਂਬਰ,ਸ.ਬਲਦੇਵ ਸਿੰਘ ਕਿਆਮਪੁਰ ਸੀਨੀਅਰ ਮੈਂਬਰ,ਸ. ਹਰਵਿੰਦਰ ਸਿੰਘ ਰਸ਼ੇੜੀ ਮੈਂਬਰ,ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਸਕੱਤਰ ਜਰਨਲ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਨੇ ਸ਼ਰਧਾਂਜਲੀ ਭੇਟ ਕੀਤੀ ਡਾ. ਹਰਨੇਕ ਸਿੰਘ ਸਿੰਘ ਦੇ ਸਪੁੱਤਰ ਨੂੰ ਦਸਤਾਰਾਂ ਭੇਂਟ ਕੀਤੀਆਂ ਅਤੇ ਵੱਡੀ ਗਿਣਤੀ ਸਿੱਖ ਸੰਗਤਾਂ ਹਾਜ਼ਰ ਸਨ ਗੁਰੂ ਦਾ ਲੰਗਰ ਅਤੁੱਟ ਵਰਤਿਆ। ••

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਹੜ੍ਹ ਸਾਡੀ ਹੋਣੀ ਨਹੀਂ

# ਸਾਨੂੰ ਪੰਜਾਬੀਆਂ ਨੂੰ ਜਾਣ ਬੁਝਕੇ ਵਾਰ ਵਾਰ ਹੜ੍ਹਾਂ ਚ ਡਬੋਇਆ ਜਾ ਰਿਹਾ ਹੈ !

ਭਾਰਤੀ ਫੌਜ ਦੇ ਲੈਫਟੀਨੈਂਟ ਜਨਰਲ ਕੇ ਜੀ ਐਸ ਢਿੱਲੋਂ ਨੇ ਚਾਰ ਕੁ ਮਹੀਨੇ ਪਹਿਲਾਂ ਆਪਣੀ ਇਕ ਇੰਟਰਵਿਊ, ਜੋ ਇਸ ਵੇਲੇ ਮੁੜ ਤੋਂ ਸ਼ੋਸ਼ਲ ਮੀਡੀਏ ਉੱਤੇ ਵਾਇਰਲ ਹੈ, ਵਿਚ ਕਿਹਾ ਸੀ ਕਿ ਡੈਮਾਂ ਦੇ ਪਾਣੀ ਨੂੰ ਹਥਿਆਰ ਵਜੋਂ ਵਰਤਿਆ ਜਾ ਸਕਦਾ ਹੈ । ਉਸ ਮੁਤਾਬਿਕ ਲੋੜ ਵੇਲੇ ਪਾਣੀ ਦੀ ਸਪਲਾਈ ਰੋਕ ਦਿਓ ਤੇ ਜਦੋਂ ਬਰਸਾਤੀ ਸੀਜਨ ਹੋਵੇ, ਹਰ ਪਾਸੇ ਪਾਣੀ ਦੀ ਬਹੁਤਾਤ ਹੋਵੇ ਤੇ ਪਾਣੀ ਦੀ ਲੋੜ ਨਾ ਹੋਵੇ ਤਾਂ ਡੈਮਾਂ ਨੂੰ ਉੱਪਰ ਤੱਕ ਭਰਕੇ, ਯਕਦਮ ਉਹਨਾਂ ਦੇ ਗੇਟ ਖੋਹਲ ਦਿਓ । ਕਹਿਣ ਦਾ ਭਾਵ ਇਹ ਕਿ ਪੰਜਾਬ (ਚੜ੍ਹਦਾ ਤੇ ਲਹਿੰਦਾ) ਮੈਦਾਨੀ



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਇਲਾਕਾ ਹੈ ਜਿਸਦਾ ਦਾ ਨੁਕਸਾਨ ਦੋਵੇਂ ਤਰਾਂ ਹੀ ਕੀਤਾ ਜਾ ਸਕਦਾ ਹੈ, ਇਹ ਉਕਤ ਦੋਵੇਂ ਤਰੀਕੇ ਪੰਜਾਬ ਦਾ ਆਰਥਿਕ ਪੱਖੋਂ ਲੱਕ ਤੋੜਨ ਵਾਸਤੇ ਬਹੁਤ ਹੀ ਕਾਰਗਾਰ ਹਨ, ਪੰਜਾਬ 'ਤੇ ਹੋਰ ਕੋਈ ਹਥਿਆਰ ਵਰਤਣ ਦੀ ਲੋੜ ਨਹੀਂ ਬੱਸ ਵਾਟਰ ਬੰਬ ਦਾ ਵਾਰ ਹੀ ਕਾਫੀ ਹੈ । ਇਕ ਵਾਰ ਅਜਿਹਾ ਕੀਤਿਆਂ, ਇਥੋਂ ਦੇ ਲੋਕਾਂ ਨੂੰ ਮੁੜ ਪੈਰੀ ਆਉਂਦਿਆਂ ਕਰਦਿਆਂ ਸਾਲ ਦੋ ਸਾਲ ਲੱਗ ਜਾਣਗੇ, ਉਸ ਤੋਂ ਬਾਅਦ ਦੁਬਾਰਾ ਫਿਰ ਵਾਟਰ ਬੰਬ ਦਾ ਇਸਤੇਮਾਲ ਕਰਕੇ ਮੁੜ ਇਹਨਾਂ ਦਾ ਸਭ ਕੁੱਝ ਹੜ੍ਹਾਅ ਦਿੱਤਾ ਜਾਵੇ ਤੇ ਇਹ ਸਿਲਸਿਲਾ ਲਗਾਤਾਰ ਚਾਲੂ ਰੱਖਿਆ ਜਾਵੇ । ਇਸ ਤਰਾਂ ਵਾਰ ਵਾਰ ਕਰਨ ਦੇ ਦੋ ਮੁੱਖ ਨਤੀਜੇ ਸਾਹਮਣੇ ਆਉਣਗੇ – ਪਹਿਲਾ ਇਹ ਕਿ ਪੰਜਾਬ ਦੇ ਲੋਕ ਮਾਲੀ ਤੌਰ 'ਤੇ ਉੱਠਣ ਜੋਗੇ ਨਹੀਂ ਰਹਿਣਗੇ ਤੇ ਦੂਜਾ ਇਥੋਂ ਦੀ ਨੌਜਵਾਨੀ ਵਿਦੇਸ਼ਾਂ ਵੱਲ ਪਲਾਇਨ ਕਰ ਜਾਵੇਗੀ । ਇਹਨਾਂ ਉਕਤ ਦੋਵੇਂ ਨਤੀਜਿਆਂ ਦਾ ਲਾਭ ਇਹ ਹੋਵੇਗਾ ਕਿ ਇਥੋਂ ਦੇ ਲੋਕ ਨੂੰ ਆਪਣੇ ਹੱਕਾਂ ਦੀ ਮੰਗ ਕਰਨ ਵਾਸਤੇ ਫੁਰਸਤ ਹੀ ਨਹੀਂ ਮਿਲੇਗੀ ਤੇ ਫਿਰ ਕੇਂਦਰ ਸਰਕਾਰ ਆਪਣੀ ਜੋ ਵੀ ਮਨ ਮਾਨੀ ਕਰਨੀ ਚਾਹੇ ਉਹ ਕਰ ਸਕੇਗੀ , ਕਿਸਾਨ ਵਿਰੋਧੀ ਕਾਲੇ ਕਾਨੂੰਨ ਬਣਾ ਕੇ ਜ਼ਮੀਨਾਂ ਹੜੱਪ ਕਰ ਸਕੇਗੀ ਤੇ ਪੰਜਾਬ ਨੂੰ ਜਿਵੇਂ ਵੀ ਇਸਤੇਮਾਲ ਕਰਨਾ ਹੈ, ਕਰ ਸਕੇਗੀ ।

ਦਰਅਸਲ ਪਿਛਲੇ ਕੁੱਝ ਕੁ ਸਾਲਾਂ ਤੋਂ ਲਗਾਤਾਰ ਪੰਜਾਬ ਵਿਚ ਆ ਰਹੇ ਹੜ੍ਹ ਏਹੀ ਦਰਸਾਉਂਦੇ ਹਨ ਕਿ ਪੰਜਾਬ ਵਿਚ ਵਾਟਰ ਬੰਬ ਦੀ ਵਰਤੋਂ ਬਹੁਤ ਹੀ ਧੜੱਲੇ ਤੇ ਯੋਜਨਾਬੱਧ ਸਾਜ਼ਿਸ਼ ਤਹਿਤ ਹੋ ਰਹੀ ਹੈ । ਇਸ ਰਾਜ ਵਿਚ ਹਰ ਸਾਲ ਦੋ ਸਾਲ ਬਾਅਦ ਡੈਮਾਂ ਦਾ ਬੇਤਹਾਸ਼ਾ ਪਾਣੀ ਛੱਡਿਆ ਜਾਂਦਾ ਹੈ ਤੇ ਫਿਰ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਕੁਦਰਤੀ ਕਰੋਪੀ ਦਾ ਨਾਮ ਦੇ ਕੇ ਢਕ ਦਿੱਤਾ ਜਾਂਦਾ ਹੈ । ਕੁੱਝ ਕੁ ਦਿਨ ਸਰਵਿਆਂ ਦੇ ਬਹਾਨੇ ਮੰਤਰੀਆਂ ਵਲੋਂ ਹੈਲੀਕਾਪਟਰ ਝੂਟੇ ਜਾਂਦੇ ਹਨ, ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੇ ਐਲਾਨ ਕੀਤੇ ਜਾਂਦੇ ਹਨ ਤੇ ਮੁੜ ਗੱਲ ਅਗਲੇ ਸਾਲਾਂ ਵਿਚ ਆਉਣ ਵਾਲੇ ਹੜਾਂ ਦੀ ਇੰਤਜਾਰ ਤੱਕ ਆਈ ਗਈ ਕਰ ਦਿੱਤੀ ਜਾਂਦੀ ਹੈ । ਕਿਹਨੂੰ, ਕਿੰਨਾ ਮੁਆਵਜਾ ਮਿਲਿਆ ? ਕਦੋ, ਕਿਸਨੇ ਤੇ ਕਿਥੇ ਦਿੱਤਾ, ਇਸ ਦਾ ਕਦੇ ਬਾਦ ਚ ਨਾਂ ਤੋਪਾ ਵੀ ਨਹੀਂ ਭਰਿਆ ਗਿਆ ਤੇ ਨਾ ਹੀ ਕੋਈ ਉੱਘ ਸੁੱਘ ਹੀ ਨਿਕਲੀ ਹੈ ।

ਆਮ ਤੌਰ 'ਤੇ ਹਰ ਵਾਰ ਹੀ ਜਿਹਨਾਂ ਲੋਕਾਂ ਦਾ ਹੜ੍ਹਾਂ ਨਾਲ ਨੁਕਸਾਨ ਹੋ ਗਿਆ ਹੁੰਦਾ ਹੈ, ਉਹ ਆਪਣੀ ਜਿੰਦਗੀ ਨੂੰ ਹੜ੍ਹਾਂ ਦੀ ਮਾਰ 'ਚੋਂ ਬਾਹਰ ਕੱਢਕੇ ਆਪ ਹੀ ਲੀਹੇ ਪਾਉਂਦੇ ਦੇਖੇ ਜਾਂਦੇ ਰਹੇ ਹਨ, ਪਰ ਇਸ ਵਾਰ ਪੰਜਾਬੀਆਂ ਨੇ ਪੂਰੇ ਜਗਤ ਨੂੰ ਦਿਖਾ ਦਿੱਤਾ ਹੈ ਕਿ ਬੇਸ਼ਕ ਕਿਸੇ ਆਫਤ ਵੇਲੇ ਉਹ ਦੁਨੀਆ ਦੇ ਹਰ ਕੋਨੇ ਚ ਪਹੁੰਚਕੇ ਨਿਸ਼ਕਾਮ ਸੇਵਾ ਕਰਦੇ ਹਨ ਤੇ ਹੁਣ ਉਹਨਾਂ ਨੂੰ ਨਵਾਂ ਸਬਕ ਮਿਲ ਗਿਆ ਹੈ ਕਿ ਆਪਣੇ ਲੋਕਾਂ 'ਤੇ ਜੇਕਰ ਕੋਈ ਆਫਤ ਆਣ ਬਣੇ ਤਾਂ ਉਸ ਮੁਸ਼ਕਲ 'ਚੋਂ ਬਾਹਰ ਨਿਕਲਣ ਵਾਸਤੇ ਉੱਦਮ ਉਪਰਾਲੇ, ਉਹਨਾਂ ਨੂੰ ਪੰਜਾਬੋਂ ਬਾਹਰਲੇ ਕਿਸੇ ਸਰਕਾਰੀ ਗੈਰ ਸਰਕਾਰੀ ਅਦਾਰੇ ਤੋਂ ਮੱਦਦ ਦੀ ਆਸ ਰੱਖਣ ਦੀ ਬਜਾਏ ਆਪਣੀ ਮੱਦਦ ਆਪ ਹੀ ਕਰਨੀ ਪਵੇਗੀ ਤੇ ਪੰਜਾਬੀਆਂ ਨੇ ਇਸ ਵਾਰ ਇਸ ਨੂੰ ਸਾਕਾਰ ਕਰਕੇ ਪੂਰੀ ਦੁਨੀਆਂ ਨੂੰ ਦੱਸ ਵੀ ਦਿੱਤਾ ਹੈ ਕਿ ਉਹ ਕਿਸ ਜ਼ਰਖੇਜ ਧਰਤ ਦੇ ਜਾਏ ਹਨ, ਉਹਨਾਂ ਦੇ ਸੰਸਕਾਰ ਕੀ ਹਨ ਤੇ ਉਹ ਕਿਵੇਂ ਅਸੰਭਵ ਨੂੰ ਵੀ ਸੰਭਵ ਬਣਾ ਸਕਦੇ ਹਨ ?

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਹੁਣਵੇਂ ਹੜ੍ਹ ਤੋਂ ਬਾਅਦ ਪੰਜਾਬੀਆਂ ਨੇ ਇਹ ਸਬਕ ਵੀ ਸਿੱਖ ਲਿਆ ਹੈ ਤੇ ਇਹ ਗੱਲ ਪੂਰੀ ਤਰਾਂ ਲੜ ਬੰਨ੍ਹ ਲਈ ਹੈ ਕਿ ਇਹ ਆਏ ਸਾਲ ਆਉਣ ਵਾਲੇ ਹੜ੍ਹ ਉਹਨਾਂ ਦੀ ਹੋਣੀ ਨਹੀਂ, ਇਹ ਕੋਈ ਕੁਦਰਤੀ ਆਫਤ ਨਹੀਂ, ਬਲਕਿ ਇਹ ਤਾਂ ਸ਼ੈਤਾਨਾਂ ਤੇ ਹੈਵਾਨਾਂ ਦੀ ਪੰਜਾਬ ਵਿਰੁੱਧ ਕੁਦਰਤੀ ਆਫਤ ਦੇ ਓਹਲੇ ਹੇਠ ਕੀਤੀ ਜਾ ਰਹੀ ਇੱਕ ਬਹੁਤ ਹੀ ਵਿਓਂਤੀ ਹੋਈ ਕੋਝੀ ਸਾਜ਼ਿਸ਼ ਹੈ ।

ਪਿਛਲੇ ਛੇ ਸਾਲਾਂ ਵਿਚ (2019, 2023 ਅਤੇ 2025 ) ਤਿੰਨ ਵਾਰ ਹੜ੍ਹ ਆ ਚੁੱਕੇ ਹਨ ਤੇ ਸਰਕਾਰਾਂ ਕਦੇ ਮੁਆਵਜੇ ਦੇ ਐਲਾਨਾਂ ਤੋਂ ਅੱਗੇ ਨਹੀਂ ਵਧੀਆਂ । ਇਹ ਮੁਆਵਜੇ ਕਿਹਨਾਂ ਲੋਕਾਂ ਨੂੰ ਕਿੰਨੇ ਦਿੱਤੇ ਗਏ, ਇਸ ਦਾ ਕੋਈ ਲੇਖਾ ਜੋਖਾ ਕਦੇ ਵੀ ਨਹੀਂ ਕੀਤਾ ਗਿਆ ਤੇ ਨਾ ਹੀ ਕਦੇ ਕਿਸੇ ਨੇ ਅਜਿਹਾ ਕੀਤੇ ਜਾਣ ਦੀ ਕਦੇ ਕੋਈ ਮੰਗ ਹੀ ਕੀਤੀ ਹੈ । । ਹੜਾਂ ਨੂੰ ਕੁਦਰਤੀ ਕਰੋਪੀ ਮੰਨਕੇ ਹੀ ਗੱਲ ਆਈ ਗਈ ਕਰ ਦਿੱਤੀ ਜਾਂਦੀ ਹੈ । ਕੁੱਝ ਸਮੇਂ ਬਾਅਦ ਹਾਲਾਤ ਆਮ ਵਰਗੇ ਹੋ ਜਾਂਦੇ ਹਨ ਤੇ ਲੋਕ ਸਭ ਕੁੱਝ ਭੁੱਲ ਭੁਲਾ ਕੇ ਆਪਣੀ ਜਿੰਦਗੀ ਚ ਅੱਗੇ ਵਧ ਜਾਂਦੇ ਹਨ, ਪਰ ਇਹਨਾਂ ਹੜ੍ਹਾਂ ਦੇ ਪਿਛੇ ਕਿਹੜੀ ਸ਼ਾਜਿਸ਼ ਕਥਿਤ ਰੂਪ ਵਿਚ ਕਾਰਜਸ਼ੀਲ ਰਹੀ, ਉਸ ਦੀਆਂ ਤੰਦਾਂ ਪਰਤੀਂ ਖੇਹਲਣ ਦੀ ਕਦੇ ਕਿਸੇ ਸਰਕਾਰੀ ਜਾਂ ਗੈਰ ਸਰਕਾਰੀ ਅਦਾਰੇ ਨੇ ਕੋਸ਼ਿਸ਼ ਹੀ ਨਹੀਂ ਕੀਤੀ । ਸਿੱਟਾ ਇਹ ਨਿਕਲਦਾ ਰਿਹਾ ਹੈ ਕਿ ਪੰਜਾਬ ਵਿਚ ਹੜ੍ਹਾਂ ਦਾ ਆਉਣਾ ਆਮ ਹੋ ਗਿਆ, ਲੋਕਾਂ ਨੇ ਇਸ ਨੂੰ ਆਪਣੀ ਹੋਣੀ ਮੰਨ ਲਿਆ, ਜਦ ਕਿ ਅਜਿਹਾ ਬਿਲਕੁਲ ਵੀ ਨਹੀਂ ਹੈ, ਇਹਨਾਂ ਹੜ੍ਹਾਂ ਦੇ ਪਿੱਛੇ ਬਹੁਤ ਹੀ ਗਹਿਰੀ ਤੇ ਸੋਚੀ ਸਮਝੀ ਸਾਜਿਸ਼ ਹੈ, ਜਿਸ ਦਾ ਪਰਦਾ ਫਾਸ਼ ਹੋਣਾ ਬਹੁਤ ਜਰੂਰੀ ਹੈ ।

ਹੜ੍ਹ ਆਉਂਦੇ ਨਹੀਂ ਲਿਆਏ ਜਾਂਦੇ ਹਨ । ਏਹੀ ਕਾਰਨ ਹੈ ਹਰ ਵਾਰ ਸਰਕਾਰਾਂ ਨੇ ਗੋਂਗਲੂਆਂ ਤੋਂ ਮਿੱਟੀ ਝਾੜਨ ਤੇ ਸਿਆਸੀ ਪਾਰਟੀਆਂ ਨੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੋਂ ਸਿਵਾਏ ਇਸ ਦਿਸ਼ਾ ਵਿਚ ਕਦੇ ਵੀ ਕੋਈ ਠੋਸ ਕੰਮ ਨਹੀਂ ਕੀਤਾ ।

ਅਸੀਂ ਦੇਖਿਆ ਹੈ ਕਿ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਫਗਾਨਿਸਤਾਨ ਚ ਆਏ ਭੁਚਾਲ ਝਟਕਿਆ ਬਾਰੇ ਤਾਂ ਚਿੰਤਾ ਗ੍ਰਸਤ ਹਨ ਤੇ ਦੋ ਘੰਟੇ ਅੰਦਰ ਹੀ ਟਵੀਟ ਕਰਕੇ ਅਫਗਾਨਿਸਤਾਨ ਨੂੰ ਹਰ ਤਰਾਂ ਦੀ ਮੱਦਦ ਦੇਣ ਦਾ ਭਰੋਸਾ ਦੇ ਦਿੰਦੇ ਹਨ ਜਦ ਕਿ ਦੂਜੇ ਪਾਸੇ ਪੰਜਾਬ ਵਿਚ ਹੜ੍ਹ ਆਇਆ ਲਗਭਗ ਮਹੀਨਾਂ ਹੋ ਗਿਆ ਹੈ, ਉਹਨਾਂ ਨੇ ਮੂੰਹ ਚ ਘੁੰਗਣੀਆਂ ਪਾ ਰੱਖੀਆਂ ਹਨ, ਹੜਾਂ ਨਾਲ ਹੋਈ ਤਬਾਹੀ ਉੱਤੇ ਸੱਚੇ ਝੂਠੇ ਮਨੋਂ ਇਕ ਵੀ ਸਟੇਟਮੈਂਟ ਦੇਣ ਦੀ ਜਰੂਰਤ ਨਹੀਂ ਸਮਝੀ, ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਾਂ ਤਾਂ ਦੇਸ਼ ਦੀ ਸਰਕਾਰ ਪੰਜਾਬ ਨੂੰ ਭਾਰਤ ਦਾ ਹਿੱਸਾ ਨਹੀਂ ਮੰਨਦੀ ਤੇ ਜਾਂ ਫੇਰ ਡੈਮਾਂ ਦੇ ਫੱਟੇ ਕਿਸੇ ਗੁੱਝੀ ਸ਼ਾਜਿਸ਼ ਤਹਿਤ ਖੋਹਲੇ ਜਾਂਦੇ ਹਨ ।

ਪੰਜਾਬ ਵਿਚ ਹੋਈ ਘੋਰ ਆਲੋਚਨਾ ਤੋਂ ਬਾਅਦ, ਦੇਸ਼ ਦਾ ਪ੍ਰਧਾਨਮੰਤਰੀ ਬੀਤੇ ਦਿਨ ਪੰਜਾਬ ਵਿੱਚ ਹੜ੍ਹਾਂ ਦਾ ਦੌਰਾ ਕਰਨ ਵਾਸਤੇ ਆਇਆ ਤੇ 1600 ਕਰੋੜ ਦੀ ਛੋਟੀ ਜਿਹੀ ਰਾਸ਼ੀ ਦਾ ਐਲਾਨ ਕਰਕੇ ਵਾਪਸ ਚਲਾ ਗਿਆ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰੇ ਤੋਂ ਇੰਜ ਲੱਗਾ ਕਿ ਜਿਵੇਂ ਉਹਨਾਂ ਨੂੰ ਪੰਜਾਬ ਚ ਆਏ ਹੜ੍ਹਾਂ ਦੀ ਕੋਈ ਸੰਵੇਦਨਾ ਨਾ ਹੋਵੇ ਤੇ ਉਹ ਬਸ ਇਕ ਫਾਰਮਿਲਟੀ ਜਿਹੀ ਹੀ ਪੂਰੀ ਕਰਨ ਆਏ ਹੋਣ ।

ਸੋ ਪੰਜਾਬੀਆਂ ਨੂੰ ਹੁਣ ਇਹ ਗੱਲ ਚੰਗੀ ਤਰਾਂ ਸਮਝ ਲੈਣੀ ਚਾਹੀਦੀ ਹੈ ਕਿ ਅਜਿਹੇ ਕਠਿਨ ਮੌਕਿਆਂ ਉੱਤੇ ਸਰਕਾਰੀ ਮੱਦਦ ਦੀ ਆਸ ਬਿਲਕੁਲ ਨਾ ਰੱਖਣ ਤੇ ਨਾ ਹੀ ਕਿਸੇ ਸਰਕਾਰ ਨੇ ਇਹ ਕਰਨੀ ਹੀ ਹੈ ।

ਇਸ ਵੇਲੇ ਹਰ ਪੰਜਾਬੀ ਆਪੋ ਆਪਣੇ ਵਿੱਤ ਮੁਜਬ ਇਕ ਦੂਸਰੇ ਦੀ ਮੱਦਦ ਕਰ ਰਿਹਾ ਹੈ । ਬਹੁਤ ਸਾਰੇ ਕਲਾਕਾਰ ਤੇ ਸਮਾਜ ਸੇਵੀ ਅੱਗੇ ਆਏ ਹਨ, ਉਹਨਾਂ ਨੇ ਹੜ੍ਹ ਪੀੜਤਾਂ ਦੀ ਬਾਂਹ ਫੜੀ ਹੈ ਤੇ ਮੁੜ ਵਲੇਬੇ ਦਾ ਅਹਿਦ ਲਿਆ ਹੈ ਜੋ ਕਿ ਬਹੁਤ ਵੱਡਾ ਪੁੰਨ ਹੈ । ਹੜ੍ਹ ਪੀੜਤਾਂ ਨੂੰ ਉਹਨਾਂ ਦੀ ਇਸ ਬਹੁਤ ਹੀ ਔਖੀ ਘੜੀ ਚ ਸਹਾਰਾ ਦੇਣਾ ਬਹੁਤ ਵੱਡਾ ਕਾਰਜ ਹੈ ਜਿਸ ਵਾਸਤੇ ਸ਼ੁਕਰੀਆ ਜਾਂ ਧਨਵਾਦ ਆਦਿ ਲਫ਼ਜ ਬਹੁਤ ਬੌਨੇ ਹਨ ਤੇ ਉਹਨਾਂ ਦੁਆਰਾ ਕੀਤਾ ਜਾ ਰਿਹਾ ਕਾਰਜ ਬਹੁਤ ਮਹਾਨ ਹੈ । ਇਸ ਵਾਸਤੇ ਸਮੂਹ ਪੰਜਾਬੀ ਉਹਨਾਂ ਦੇ ਰੋਮ ਰੋਮ ਤੋਂ ਹਮੇਸ਼ਾਂ ਵਾਸਤੇ ਰਿਣੀ ਰਹਿਣਗੇ ।





ਅਗਲੀ ਗੱਲ ਇਹ ਹੈ ਕਿ ਭਵਿੱਖ ਵਿਚ ਇਹਨਾਂ ਹੜਾਂ ਨੂੰ ਡੱਕਾ ਵੀ ਸਾਨੂੰ ਆਪ ਹੀ ਰਲ ਮਿਲਕੇ ਲਾਉਣਾ ਪੈਣਾ ਹੈ, ਇਸ ਕਰਕੇ ਅੱਗੋਂ ਤੋਂ ਪੱਕੇ ਕਮਰ ਕੱਸੇ ਕਰ ਲੈਣੇ ਚਾਹੀਦੇ ਹਨ । ਇਹ ਆਮ ਕਹਿੰਦੇ ਹਨ ਕਿ ਦਰਿਆਵਾਂ ਨੂੰ ਨੱਕੇ ਨਹੀਂ ਲਗਦੇ, ਪਰ ਪੰਜਾਬੀਆਂ ਨੇ ਲਗਾ ਕੇ ਦਿਖਾਉਣੇ ਆ ਕਿ ਪੰਜਾਬ ਦੇ ਜਾਏ ਆਪਣੀ ਆਈ ਤੇ ਆ ਜਾਣ ਤਾਂ ਫਿਰ ਦਰਿਆਵਾਂ ਨੂੰ ਨੱਕੇ ਹੀ ਨਹੀਂ ਬਲਕਿ ਦਰਿਆਵਾ ਦੇ ਵਹਿਣਾ ਦਾ ਰੁੱਖ ਵੀ ਮੋੜ ਸਕਦੇ ਹਨ।

ਇਥੇ ਇੱਕ ਗੱਲ ਬਹੁਤ ਡੂੰਘੀ ਵਿਚਾਰ ਦੀ ਮੰਗ ਕਰਦੀ ਹੈ ਕਿ ਪੰਜਾਬ ਦੇ ਚਾਰ ਮੁੱਖ ਡੈਮਾਂ (ਭਾਖੜਾ, ਰਣਜੀਤ ਸਾਗਰ, ਥੀਨਡੈਮ ਤੇ ਪੌਂਗਡੈਮ) ਦੀ ਉਸਾਰੀ ਪਾਣੀ ਦੀ ਸਹੀ ਵੰਡ ਅਤੇ ਹੜ੍ਹਾਂ ਦੀ ਰੋਕਥਾਮ ਵਾਸਤੇ ਕੀਤੀ ਗਈ ਸੀ । ਇਸ ਦੇ ਨਾਲ ਹੀ ਇਹਨਾਂ ਡੈਮਾਂ ਦਾ ਮਕਸਦ ਇਹ ਵੀ ਸੀ ਕਿ ਪੰਜਾਬ ਵਿਚ ਨਹਿਰਾਂ ਦਾ ਜਾਲ ਵਿਛਾ ਕੇ ਪੂਰੇ ਪੰਜਾਬ ਦੀ ਜਮੀਨ ਨੂੰ ਜ਼ਰਖੇਜ ਬਣਾਇਆ ਜਾਵੇਗਾ ਤੇ ਸਸਤੀ ਬਿਜਲੀ ਪੈਦਾ ਕਰਕੇ ਪੰਜਾਬ ਦੇ ਹਰ ਕੌਨੇ ਨੂੰ ਰੁਸ਼ਨਾਇਆ ਜਾਵੇਗਾ । ਇਸ ਕਰਕੇ ਡੈਮ ਉਸਾਰੇ ਗਏ, ਨਹਿਰਾਂ ਕੱਢੀਆਂ ਗਈਆਂ ਗਈਆਂ ਤੇ ਬਿਜਲੀ ਪੈਦਾ ਕਰਨ ਵਾਸਤੇ ਹਾਈਡਲ ਪਰੋਜੈਕਟ ਲਗਾਏ ਗਏ, ਪਰ ਇਹ ਸਭ ਕੁੱਝ ਕਰ ਲੈਣ ਤੋਂ ਬਾਅਦ, ਉਸੇ ਸਮੇਂ ਬਿਨਾ ਕਿਸੇ ਦੇਰੀ ਕੇਂਦਰ ਸਰਕਾਰ ਵਲੋਂ ਇਸ ਦੀ ਯੋਜਨਾਂਬੱਧ ਲੁੱਟ ਸ਼ੁਰੂ ਕਰ ਦਿੱਤੀ ਗਈ । ਸਸਤੀ ਬਿਜਲੀ ਪੰਜਾਬੋਂ ਬਾਹਰ ਦਿੱਲੀ ਤੇ ਹਰਿਆਣੇ ਨੂੰ ਭੇਜੀ ਗਈ , ਪਾਣੀ ਮੁਫਤ ਦੇ ਭਾਅ ਦੂਜੇ ਰਾਜਾਂ ਨੂੰ ਤੇ ਬਰਸਾਤਾਂ ਦੇ ਓਹਲੇ ਹੇਠ ਡੈਮ ਪੰਜਾਬ ਵਿਚ ਹੜ੍ਹ ਲਿਆਉਣ ਲਈ ਵਰਤੇ ਜਾਣ ਲੱਗ ਪਏ ।

ਆਰਥਿਕਤਾ ਕਿਸੇ ਵਿਅਕਤੀ, ਰਾਜ ਅਤੇ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ, ਪੰਜਾਬ ਦੀ ਰੀੜ੍ਹ ਦੀ ਹੱਡੀ ਤੋੜਨ ਵਾਸਤੇ ਡੈਮਾਂ ਦੀ ਵਾਰ ਵਾਰ ਵਰਤੋਂ ਕੀਤੀ ਜਾ ਰਹੀ ਹੈ । ਇਸ ਨੁਕਤੇ ਨੂੰ ਅਸੀਂ ਪੰਜਾਬੀ ਜਿੰਨੀ ਜਲਦੀ ਹੁਣ ਸਮਝ ਲਈਏ, ਉਂਨਾ ਹੀ ਚੰਗਾ ਹੈ ।

ਮੈ ਪਹਿਲਾਂ ਵੀ ਇਸ ਬਾਰੇ ਲਿਖਿਆ ਸੀ ਕਿ ਪੰਜਾਬ ਵਿਚਲੇ ਹੜ੍ਹ ਕੋਈ ਕੁਦਰਤੀ ਕਰੋਪੀ ਜਾਂ ਆਫਤ ਨਹੀਂ, ਇਹ ਤਾਂ ਇਕ ਬਹੁਤ ਹੀ ਸੋਚੀ ਸਮਝੀ ਸ਼ਿਜਸ਼ ਹੈ । ਡੈਮਾਂ ਤੇ ਹਾਈਡਲ ਪਰੋਜੈਕਟਾਂ ਦਾ ਸਮੁੱਚਾ ਪਰਬੰਧ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ , ਇਹਨਾਂ ਉੱਤੇ ਬਹੁ ਗਿਣਤੀ ਅਮਲਾ ਫੈਲਾ ਵੀ ਪੰਜਾਬੋਂ ਬਾਹਰਲੇ ਉਹਨਾਂ ਲੋਕਾਂ ਦਾ ਹੈ, ਜਿਹਨਾਂ ਨੂੰ ਪੰਜਾਬ ਦੇ ਭੂਗੋਲਿਕ ਹਲਾਤਾਂ ਬਾਰੇ ਜਾਣਕਾਰੀ ਹੀ ਨਹੀਂ । ਉਹਨਾਂ ਵਾਸਤੇ ਡੈਮਾਂ ਦੇ ਫਲੱਡ ਗੇਟ ਖੋਹਲਣੇ ਬਹੁਤ ਮਾਮੂਲੀ ਜਿਹੀ ਗੱਲ ਹੈ ।

ਚਲੋ ਮੰਨ ਲੈਂਦੇ ਹਾਂ ਕਿ 1955 ਤੇ 1988 ਦੇ ਹੜ੍ਹ ਕੁਦਰਤੀ ਕਰੋਪੀ ਹੋਣਗੇ, ਪਰ ਇਸ ਸਮੇਂ ਹਾਲਾਤ ਉਹ ਨਹੀਂ, ਮੌਸਮ ਦੀ ਪਲ ਪਲ ਦੀ ਅਗਾਊਂ ਜਾਣਕਾਰੀ ਦੇਣ ਵਾਸਤੇ ਉਪ ਗ੍ਰਹਿ ਹਨ, ਮੌਸਮ ਵਿਭਾਗ ਹੈ, ਕਹਿਣ ਦਾ ਭਾਵ ਵਾਤਾਵਰਨ ਵਿਚਲੀ ਹਰ ਨਿੱਕੀ ਤੋਂ ਨਿੱਕੀ ਤਬਦੀਲੀ ਮਾਪੀ ਜਾ ਸਕਦੀ ਹੈ, ਭੁਚਾਲ, ਤੁਫਾਨ, ਸੁਨਾਮੀ ਹੋਵੇ ਜਾਂ ਹੜ੍ਹ, ਇਹਨਾਂ ਦਾ ਸਮਾਂ ਰਹਿੰਦਿਆ ਪਤਾ ਲਗਾਉਣ ਵਾਲੇ ਵਿਗਿਆਨਕ ਯੰਤਰ ਮੌਜੂਦ ਹਨ, ਇਸ ਕਰਕੇ ਕਿਸੇ ਵੀ ਮੁਸ਼ਕਲ ਨਾਲ ਨਿਪਟਣ ਵਾਸਤੇ ਅਗਾਊਂ ਹੀ ਪੁਖਤਾ ਪ੍ਰਬੰਧ ਕੀਤੇ ਜਾ ਸਕਦੇ ਹਨ, ਪਰ ਬਹੁਤ ਦੁੱਖ ਹੈ ਕਿ ਪੰਜਾਬ ਵਿਚ ਪਿਛਲੇ ਪੰਝੀ ਛੱਬੀ ਦਿਨਾਂ ਤੋਂ ਜੋ ਕੁੱਝ ਵਾਪਰ ਰਿਹਾ ਹੈ, ਉਸ ਸੰਬੰਧੀ ਅਹਿਤਿਆਤ ਵਜੋਂ ਕੁੱਝ ਵੀ ਨਹੀਂ ਕੀਤਾ ਗਿਆ ।

ਦੱਸਿਆ ਜਾਂਦਾ ਹੈ ਕੇ ਡੈਮਾਂ ਦੇ ਪਾਣੀ ਦਾ ਪੱਧਰ ਹਮੇਸ਼ਾ ਹੀ ਵੀਹ ਤੋਂ ਪੰਝੀ ਫੁੱਟ ਨੀਵਾਂ ਰੱਖਿਆ ਜਾਂਦਾ ਹੈ ਤੇ ਇਹ ਸਤਰ ਮੇਨਟੇਨ ਰੱਖਣ ਵਾਸਤੇ ਡੈਮਾਂ ਵਿਚੋਂ ਦਰਿਆਵਾਂ ਤੇ ਨਹਿਰਾਂ ਵਿੱਚ ਲੋੜ ਮੁਤਾਬਿਕ ਲਗਾਤਾਰ ਪਾਣੀ ਰਿਲੀਜ ਕੀਤਾ ਜਾਂਦਾ ਰਹਿੰਦਾ ਹੈ, ਪਰ ਇਸ ਵਾਰ ਲਗਾਤਾਰ ਪਾਣੀ ਰਿਲੀਜ ਕਰਦੇ ਰਹਿਣ ਦੀ ਬਜਾਏ, ਡੈਮਾਂ ਵਿਚ ਪਾਣੀ ਖਤਰੇ ਦੇ ਨਿਸ਼ਾਨ ਤੱਕ ਪਹਿਲਾਂ ਜਮਾਂ ਕੀਤਾ ਗਿਆ ਤੇ ਫਿਰ ਰਾਤੋ ਰਾਤ ਡੈਮਾਂ ਦੇ ਫਲੱਡ ਗੇਟ ਖੋਹਲ ਦਿੱਤੇ ਗਏ, ਲੋਕਾਂ ਨੂੰ ਫਲੱਡ ਗੇਟ ਖੋਹਲਣ ਬਾਰੇ ਅਗਾਊਂ ਸੂਚਿਤ ਵੀ ਨਹੀਂ ਕੀਤਾ ਗਿਆ । ਇਸ ਸਾਰੇ ਘਟਨਾ ਕ੍ਰਮ ਤੋਂ ਇਸ ਤਰਾਂ ਲਗਦਾ ਹੈ ਕਿ ਜਿਵੇਂ ਇਹ ਸਾਰਾ ਕੁੱਝ ਬਹੁਤ ਹੀ ਗਿਣੀ ਮਿਥੀ ਸ਼ਾਜਿਸ ਤਹਿਤ ਕੀਤਾ ਗਿਆ ਹੈ ।

ਜਿਹੜੀ ਬਹੁਤ ਹੀ ਖਾਸ ਗੱਲ ਇਥੇ ਮੈਂ ਦੱਸਣੀ ਚਾਹੁੰਦਾ ਹਾਂ , ਉਹ ਇਹ ਹੈ ਕਿ ਇਸ ਹੜ੍ਹ ਨੂੰ ਲੈ ਕੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਉੱਤੇ ਦੇਸ਼ ਦੀ ਸੁਪਰੀਮ ਕੋਰਟ ਵਿਚ ਇਕ ਲੋਕ ਹਿੱਤ ਪੁਟੀਸ਼ਨ ਪਾਈ ਜਾਣੀ ਚਾਹੀਦੀ ਹੈ , ਜਿਸ ਵਿਚ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਵੀ ਧਿਰ ਬਣਾਇਆ ਜਾਵੇ । ਇਹਨਾਂ ਨੂੰ ਹੜ੍ਹ ਵਾਸਤੇ ਜਿੰਮੇਵਾਰ ਮੰਨਕੇ ਲੋਕਾਂ ਦੇ ਜਾਨ ਮਾਲ ਦੀ ਭਰਪਾਈ ਕਰਾਉਣ ਦਾ ਕੇਸ ਲੜਿਆ ਜਾਵੇ, ਹੜ੍ਹਾਂ ਬਾਰੇ ਡੂੰਘੀ ਪੜਤਾਲ ਕਰਵਾਈ ਜਾਵੇ ਤੇ ਹਰ ਹੜ੍ਹ ਪੀੜਤ ਵਾਸਤੇ ਮੁਆਵਜਾ ਕਲੇਮ ਕੀਤਾ ਜਾਵੇ । ਇਸ ਤਰਾਂ ਕਰਨ ਨਾਲ ਡੈਮਾਂ ਦੇ ਫਲੱਡ ਗੇਟ ਖੋਹਲਣ ਅਤੇ ਖੁਲਵਾਉਣ ਵਾਲਿਆਂ ਦੀ ਪਾਜ ਵੀ ਖੁਲ੍ਹੇਗੀ, ਉਹਨਾਂ ਨੂੰ ਸਜਾ ਵੀ ਮਿਲ ਸਕੇਗੀ ਤੇ ਅੱਗੋਂ ਤੋਂ ਇਹ ਹਰਕਤ ਕਰਨ ਦੀ ਕੋਈ ਹਿਮਾਕਤ ਵੀ ਨਹੀਂ ਕਰੇਗਾ ।

ਸੋ ਇਸ ਹੜ੍ਹ ਨੂੰ ਕੁਦਰਤੀ ਕਰੋਪੀ ਮੰਨਕੇ ਇਥੇ ਹੀ ਗੱਲ ਆਈ ਗਈ ਨਾ ਕੀਤੀ ਜਾਵੇ ਸਗੋਂ ਹੜ੍ਹ ਪੀੜਤਾਂ ਦੀ ਮੱਦਦ ਦੇ ਨਾਲ ਨਾਲ ਹੀ ਇਸ ਦੀ ਕਨੂੰਨੀ ਚਾਰਾਜੋਈ ਵੀ ਕੀਤੀ ਜਾਵੇ।

ਪੰਜਾਬ ਦਾ ਹਰ ਪੱਖੋਂ ਇਸ ਵੇਲੇ ਬਹੁਤ ਨੁਕਸਾਨ ਹੋ ਚੁੱਕਾ ਹੈ , ਹੜ੍ਹ ਪੀੜਤਾਂ ਨੂੰ ਪੈਰੀਂ ਆਉਂਦਿਆਂ ਕਰਦਿਆਂ ਚਾਰ ਤੋਂ ਪੰਜ ਸਾਲ ਦਾ ਸਮਾਂ ਵੀ ਲੱਗ ਸਕਦਾ ਹੈ, ਦੂਜੀ ਗੱਲ ਇਹ ਕਿ ਇਹ ਵੀ ਕੋਈ ਗਰੰਟੀ ਨਹੀਂ ਕਿ ਭਵਿੱਖ ਵਿਚ ਇਸ ਤਰਾਂ ਦੁਬਾਰਾ ਨਹੀਂ ਵਾਪਰੇਗਾ । ਬੇਸ਼ੱਕ ਹਰ ਕੋਈ ਆਪੋ ਆਪਣੇ ਵਿੱਤ ਮੂਜਬ ਇਸ ਵੇਲੇ ਹੜ੍ਹ ਪੀੜਤਾਂ ਦੀ ਮੱਦਦ ਕਰ ਰਿਹਾ ਹੈ, ਉਹਨਾਂ ਦੀ ਜਿੰਦਗੀ ਮੁੜ ਤੋਂ ਲੀਹੇ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਇਸ ਦੇ ਨਾਲ ਭਵਿੱਖ ਵਿਚ ਇਹ ਵੀ ਯਕੀਨੀ ਬਣਾਉਣਾ ਜਰੂਰੀ ਹੈ ਕਿ ਮੁੜ ਇਸ ਤਰਾਂ ਕਦੇ ਨਾ ਵਾਪਰੇ । ਇਸ ਕਰਕੇ ਹੁਣ ਪੱਕੇ ਪੈਰੀਂ ਹੱਥ ਪਾਉਣਾ ਪਊ । ਵੱਡਾ ਨੁਕਤਾ ਏਹੀ ਹੈ ਕਿ ਜਿਹਨਾਂ ਡੈਮਾਂ ਦੀ ਉਸਾਰੀ ਕੀਤੀ ਹੀ ਹੜ੍ਹਾਂ ਨੂੰ ਰੋਕਣ ਵਾਸਤੇ ਸੀ, ਫਿਰ ਅੱਜ ਓਹੀ ਡੈਮ ਹੜਾਂ ਦਾ ਕਾਰਨ ਕਿਓਂ ਬਣ ਰਹੇ ਹਨ ? ਸਾਡੀ ਜਾਨ ਤੇ ਮਾਲ ਦਾ ਖੌਅ ਕਿਉਂ ਬਣੇ ਹੋਏ ਹਨ ?

ਮੁੱਕਦੀ ਗੱਲ ਇਹ ਹੈ ਕਿ ਹੜ੍ਹ ਇਕ ਕੁਦਰਤੀ ਘਟਨਾ ਹੋ ਸਕਦੇ ਹਨ, ਇਹਨਾਂ ਨੂੰ ਅਗਾਊਂ ਢੁਕਵੇਂ ਇੰਤਜਾਮ ਕਰਕੇ ਰੋਕਿਆ ਜਾ ਸਕਦਾ ਹੈ, ਪਰ ਜੇਕਰ ਪੰਜਾਬ ਚ ਆ ਰਹੇ ਹੜ੍ਹਾਂ ਦੇ ਸਾਰੇ ਘਟਨਾ ਕ੍ਰਮ ਨੂੰ ਨੀਝ ਨਾਲ ਦੇਖਿਆ ਜਾਵੇ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਪੰਜਾਬ ਵਿਚ ਹੜ੍ਹ ਕੁਦਰਤੀ ਕਰੋਪੀ ਤੋਂ ਵਧਕੇ ਅਣਮਨੁੱਖੀ ਸਿਆਸਤ ਤੇ ਸਾਜ਼ਿਸ਼ ਦਾ ਨਤੀਜਾ ਹਨ ਤੇ ਇਹ ਉਨਾ ਚਿਰ ਨਹੀਂ ਰੋਕੇ ਜਾ ਸਕਦੇ ਜਿੰਨਾ ਚਿਰ ਪੰਜਾਬੀ ਇਹ ਮੰਨਕੇ ਨਹੀਂ ਚਲਦੇ ਕਿ ਹੜ੍ਹਾਂ ਦੇ ਓਹਲੇ ਹੇਠ ਉਹਨਾਂ ਨੂੰ ਜਾਣ ਬੁਝਕੇ ਕਿਸੇ ਗਹਿਰੀ ਸ਼ਾਜਿਸ ਤਹਿਤ ਹੜ੍ਹਾਂ ਚ ਡੋਬਿਆ ਜਾ ਰਿਹਾ ਹੈ । ਇਹ ਹੜ੍ਹ ਸਾਡੀ ਹੋਣੀ ਨਹੀਂ ਹੈ ਬਲਕਿ ਸਾਡੀ ਹੋਂਦ ਉੱਤੇ ਇਕ ਬਹੁਤ ਹੀ ਵਿਓਂਤਬੱਧ ਹਮਲਾ ਹੈ । ਇਸ ਨੁਕਤੇ ਨੂੰ ਜਿੰਨੀ ਜਲਦੀ ਸਮਝ ਲਿਆ ਜਾਵੇ, ਓਨਾ ਹੀ ਸਾਡਾ ਭਲਾ ਹੈ । ••

### ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਕਿਸਾਨ ਮਜਦੂਰ ਸੰਘਰਸ਼ ਕਮੇਟੀ ਵੱਲੋਂ

# ਪੰਜਾਬ ਭਰ ਦੇ ਡੀਸੀ ਦਫ਼ਤਰਾਂ ਨੂੰ ਹੜ੍ਹਾਂ ਦੀ ਮਾਰ ਸਬੰਧੀ ਦਿੱਤੇ ਗਏ ਮੰਗ ਪੱਤਰ













**ਚੰਡੀਗੜ੍ਹ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਹੋਏ ਜਾਨੀ ਮਾਲੀ ਨੁਕਸਾਨ ਦੀ ਪੂਰਤੀ ਅਤੇ ਹੜ੍ਹਾਂ ਦੇ ਕਾਰਨਾਂ ਦੀ ਘੋਖ ਪੜਤਾਲ ਦੀ ਮੰਗ ਕਰਦੇ ਹੋਏ ਪੰਜਾਬ ਦੇ ਸਾਰੇ ਡੀਸੀ ਦਫ਼ਤਰਾਂ ਵਿੱਚ ਇੱਕਠ ਕਰਕੇ ਮੰਗ ਪੱਤਰ ਦਿੱਤੇ ਗਏ। ਇਸ ਮੌਕੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਨੇ ਜਾਣਕਾਰੀ ਦਿੰਦੇ ਕਿਹਾ ਕਿ ਇੱਕ ਵਾਰ ਫਿਰ ਤੋਂ ਪੰਜਾਬ ਵੱਡੇ ਪੱਧਰ 'ਤੇ ਹੜ੍ਹਾਂ ਦੀ ਮਾਰ ਹੇਠ ਹੈ, ਫਸਲ ਤਬਾਹ ਹੋ ਚੁੱਕੀ ਹੈ, ਘਰਾਂ ਅਤੇ ਪਸ਼ੂਆਂ ਦਾ ਵੱਡੀ ਪੱਧਰ 'ਤੇ ਨੁਕਸਾਨ ਹੋ ਚੁੱਕਿਆ ਹੈ। ਉਹਨਾਂ ਕਿਹਾ ਕਿ ਮੌਜੂਦਾ ਹੜ ਕੁਦਰਤ ਨਾਲ ਛੇੜ ਛਾੜ ਅਤੇ ਡੈਮਾਂ ਦੇ ਦੁਸ਼ਪ੍ਰਬੰਧਾਂ ਅਤੇ ਮਾਈਨਿੰਗ ਕਾਰਨ ਆਏ ਹਨ। ਸੋ ਕਿਸਾਨ ਮਜ਼ਦੂਰ ਮੋਰਚਾ ਮੰਗ ਕਰਦਾ ਹੈ ਕਿ ਹੜ੍ਹਾਂ ਦੀ ਜਾਂਚ ਲਈ ਸਿਟਿੰਗ ਜੱਜਾਂ ਤੇ ਅਧਾਰਤ ਜੁਡੀਸ਼ਅਲ ਕਮਿਸ਼ਨ ਬਣਾਇਆ ਜਾਵੇ,ਇਸ ਦੇ ਨਾਲ ਵਾਤਾਵਰਨ ਮਾਹਰ ਸਿੰਚਾਈ ਮਾਹਰ ਭੂਮ ਵਿਗਿਆਨੀ ਡੈਮ ਪ੍ਰਬੰਧ ਦੇ ਮਾਹਰ ਵਿਰੋਧੀ ਧਿਰ ਦੇ ਨੁਮਾਇੰਦੇ ਅਤੇ ਇੱਕ ਨੁਮਾਇੰਦਾ ਸਰਕਾਰੀ ਧਿਰ ਦਾ ਜੋੜਿਆ ਜਾਵੇ। ਉਹਨਾਂ ਕਿਹਾ ਕਿ ਹੜ੍ਹ ਕਾਰਨ ਅਤੇ ਹੜ੍ਹ ਰਾਹਤ ਕਾਰਜ਼ ਕਰਦੇ ਸਮੇਂ ਹੋਈਆਂ ਮੌਤਾਂ ਤੇ ਪ੍ਰਤੀ ਮ੍ਰਿਤਕ ਵਿਅਕਤੀ ਦੇ ਪਰਿਵਾਰ ਨੂੰ ਇੱਕ ਕਰੋੜ ਰੁ: ਮੁਆਵਜਾ ਦਿੱਤਾ ਜਾਵੇ, ਘਰਾਂ ਦੇ ਹੋਏ ਨੁਕਸਾਨ ਭਾਵ ਪੂਰੀ ਤਰ੍ਹਾਂ ਢਹਿ/ਨੁਕਸਾਨੇ ਚੁੱਕੇ ਘਰਾਂ ਦਾ 100% ਨੁਕਸਾਨ ਮੰਨ ਕੇ ਅਤੇ ਜੇਕਰ ਕੋਈ ਹਿੱਸਾ ਨੁਕਸਾਨਿਆ ਗਿਆ ਹੈ ਤਾਂ ਉਹਦੀ ਢੁੱਕਵੇ ਅਧਿਕਾਰੀ ਤੋਂ ਰਿਪੋਰਟ ਬਣਵਾ ਕੇ ਨੁਕਸਾਨ ਦੇ ਜਾਇਜ਼ੇ ਮੁਤਾਬਕ 100% ਦੇ ਬਰਾਬਰ ਮੁਆਵਜ਼ਾ ਦਿੱਤਾ ਜਾਵੇ। ਸੂਬਾ ਆਗੂ ਸਤਨਾਮ ਸਿੰਘ ਪੰਨੂ, ਸਵਿੰਦਰ ਸਿੰਘ ਚੁਤਾਲਾ ਅਤੇ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਕਾਰ ਵੱਲੋਂ 20 ਹਜ਼ਾਰ ਪ੍ਰਤੀ ਏਕੜ ਦਾ ਐਲਾਨਿਆ ਗਿਆ ਮੁਆਵਜਾ ਨਗੂਣੀ ਰਕਮ ਹੈ ਇਸ ਤੇ ਮੋਰਚਾ ਮੰਗ ਕਰਦਾ ਹੈ ਕਿ ਫਸਲ ਦੇ ਖਰਾਬੇ ਲਈ ਪ੍ਰਤੀ ਏਕੜ 70,000 ਰੁਪਏ ਦਿੱਤੇ ਜਾਣ, ਗੰਨੇ ਦੀ ਫਸਲ ਲਈ ਪ੍ਰਤੀ ਏਕੜ 1,00000 ਰੁਪਏ ਦਿੱਤੇ ਜਾਣ, ਪ੍ਰਤੀ ਪਸ਼ੂ (ਗਾਵਾਂ ਅਤੇ ਮੱਝਾਂ ) ਦੀ ਮੌਤ ਹੋਣ ਤੇ 1,25,000 ਰੁਪਏ ਅਤੇ ਭੇਡਾਂ, ਬੱਕਰੀਆਂ ਅਤੇ ਪੋਲਟਰੀ ਫਾਰਮ ਦੇ ਨੁਕਸਾਨ ਦੀ 100 ਪ੍ਰਤੀਸ਼ਤ ਭਰਪਾਈ ਕੀਤੀ ਜਾਵੇ। ਸੂਬਾ ਆਗੂ ਜਸਬੀਰ ਸਿੰਘ ਪਿੱਦੀ, ਗੁਰਬਚਨ ਸਿੰਘ ਚੱਬਾ ਅਤੇ ਹਰਵਿੰਦਰ ਸਿੰਘ ਮਸਾਣੀਆਂ ਨੇ ਕਿਹਾ ਕਿ ਜਿਸ ਦਾ ਖੇਤ ਉਸ ਦੀ ਰੇਤ ਨੀਤੀ ਨੂੰ ਸਮਾਂਬੱਧ ਨਾਂ ਕੀਤਾ ਜਾਵੇ, ਜਿਸ ਕਿਸਾਨ ਦੀ ਜਮੀਨ ਹੜਾਂ ਰਾਹੀ ਰੁੜ ਗਈ ਹੈ ਤੇ ਜਮੀਨ ਨੇ ਖੱਡਿਆਂ ਦਾ ਰੂਪ ਧਾਰ ਲਿਆ ਹੈ ਉਸ ਦੀ ਜਮੀਨ ਨੂੰ ਪੱਧਰ ਕਰਨ ਦਾ ਕੰਮ ਸਰਕਾਰੀ ਖਜ਼ਾਨੇ ਵਿੱਚੋਂ ਕੀਤਾ ਜਾਵੇ, ਅਗਲੀ ਫਸਲ ਦੀ ਬਿਜਾਈ ਲਈ ਮੁਫਤ ਬੀਜ ਅਤੇ ਖਾਦਾਂ ਦਿੱਤੀਆਂ ਜਾਣ। ਸੂਬਾ ਆਗੂ ਸਤਨਾਮ ਸਿੰਘ ਮਾਣੋ ਚਾਹਲ, ਰਣਜੀਤ ਸਿੰਘ ਕਲੇਰ ਅਤੇ ਪਰਮਜੀਤ ਸਿੰਘ ਭੁੱਲਾ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਹਰ ਪਰਿਵਾਰ ਨੂੰ ਇਕ ਲੱਖ ਰੁਪਏ ਉਜਾੜਾ ਭੱਤਾ ਦਿੱਤਾ ਜਾਵੇ ਅਤੇ ਖੇਤ ਮਜ਼ਦੂਰਾਂ ਨੂੰ ਬਾਕੀ ਮੁਆਵਜਿਆਂ ਦੇ ਨਾਲ ਨਾਲ ਫਸਲ ਦੇ ਖਰਾਬੇ ਦੇ 10% ਦੇ ਬਰਾਬਰ ਮੁਆਵਜਾ ਦਿੱਤਾ ਜਾਵੇ। ਸੂਬਾ ਆਗੂ ਜਰਮਨਜੀਤ ਸਿੰਘ ਬੰਡਾਲਾ, ਹਰਜਿੰਦਰ ਸਿੰਘ ਸ਼ਕਰੀ ਅਤੇ ਸਲਵਿੰਦਰ ਸਿੰਘ ਜਾਣੀਆਂ ਨੇ ਕਿਹਾ ਕਿ ਮੋਰਚਾ ਮੰਗ ਕਰਦਾ ਹੈ ਕਿ ਹੜ੍ਹ ਪ੍ਰਭਾਵਿਤ ਮਜਦੂਰਾਂ ,ਕਿਸਾਨਾਂ ਦਾ ਪੂਰਾ ਕਰਜਾ ਖਤਮ ਕੀਤਾ ਜਾਵੇ। ਉਹਨਾਂ ਮੰਗ ਕੀਤੀ ਕਿ ਜਿਹੜੇ ਕਿਸਾਨਾਂ ਦੀ ਜਮੀਨਾਂ ਦਰਿਆਵਾਂ ਦੇ ਵਹਿਣ ਵਿੱਚ ਆਉਂਦੀਆਂ ਹਨ ਜਾਂ ਜਿੱਥੇ ਬੰਨਾਂ ਦੀ ਪੱਕੀ ਉਸਾਰੀ ਕਰਕੇ ਨੁਕਸਾਨ ਰੋਕਿਆ ਜਾ ਸਕਦਾ ਹੈ, ਉਨਾਂ ਕਿਸਾਨਾਂ ਨੂੰ ਦਰਿਆ ਤੋਂ ਬਾਹਰ ਬਰਾਬਰ ਮਿਣਤੀ ਵਿੱਚ ਜਮੀਨਾਂ ਅਲਾਟ ਕੀਤੀਆਂ ਜਾਣ ਅਤੇ ਉਹਨਾਂ ਦੀਆਂ ਉਸਾਰੀਆਂ ਆਦਿ ਦਾ ਪੂਰਾ ਮੁਆਵਜਾ ਦਿੱਤਾ ਜਾਵੇ ਜਾਂ ਲੈਂਡ ਐਕਊਜੀਸ਼ਨ ਐਕਟ 2013 ਤਹਿਤ ਜਮੀਨਾਂ ਐਕਵਾਇਰ ਕਰ ਕੇ ਉਨ੍ਹਾਂ ਦਾ ਕਿਸਾਨਾਂ ਦੇ ਤੌਰ 'ਤੇ ਮੁੜ ਵਸੇਬਾ ਯਕੀਨੀ ਬਣਾਇਆ ਜਾਵੇ। ਸੂਬਾ ਆਗੂ ਗੁਰਲਾਲ ਸਿੰਘ ਪੰਡੋਰੀ ਅਤੇ ਕੰਵਰਦਲੀਪ ਸੈਦੋਲੇਹਲ ਨੇ ਕਿਹਾ ਕਿ ਪਾਣੀ ਦੀ ਸਾਂਭ ਸੰਭਾਲ ਦਾ ਵਿਸ਼ਾ ਰਾਜਾਂ ਦਾ ਵਿਸ਼ਾ ਹੈ। ਇਸ ਕਰਕੇ ਕੇਂਦਰੀ ਸਰਕਾਰ ਵੱਲੋਂ ਪਾਸ ਕੀਤਾ ਗਿਆ ਡੈਮ ਸੇਫਟੀ ਐਕਟ ਰੱਦ ਕੀਤਾ ਜਾਵੇ ਅਤੇ ਪੰਜਾਬ ਨੂੰ ਪ੍ਰਭਾਵਿਤ ਕਰ ਰਹੇ ਡੈਮਾਂ ਦਾ ਕੰਟਰੋਲ ਅਤੇ ਸਾਂਭ- ਸੰਭਾਲ ਪੰਜਾਬ ਸਮੇਤ ਸਬੰਧਤ ਸੂਬਾਈ ਸਰਕਾਰਾਂ ਦੇ ਅਧਿਕਾਰ ਖੇਤਰ ਵਿੱਚ ਦਿੱਤਾ ਜਾਵੇ, ਬੀਬੀਐਮਬੀ ਦੀ ਨੁਮਾਇੰਦਗੀ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਜਾਵੇ । ਉਹਨਾਂ ਕਿਹਾ ਕਿ ਪੰਜਾਬ ਵਿੱਚੋਂ ਹੜ੍ਹਾਂ ਨੂੰ ਰੋਕਣ ਲਈ ਦਰਿਆਵਾਂ ਨੂੰ ਨਹਿਰੀ ਰੂਪ ( ਧੁੱਸੀ ਦੇ ਕੰਕਰੀਟ ਦੇ ਕੰਢੇ ) ਦੇ ਕੇ ਪਾਣੀ ਦਾ ਪੂਰਨ ਕੰਟਰੋਲ ਕਰਕੇ ਇਸ ਨੂੰ ਵਰਤਣ ਯੋਗ ਬਣਾਇਆ ਜਾਵੇ ਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਰੀਚਾਰਜਿੰਗ ਸਿਸਟਮ ਸਥਾਪਤ ਕੀਤੇ ਜਾਣ ।ਉਹਨਾਂ ਕਿਹਾ ਕਿ ਅੱਜ ਦੇ ਇੱਕਠ ਇਹ ਵੀ ਮੰਗ ਕਰਦੇ ਹਨ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਤਹਿਸ ਨਹਿਸ ਹੋਏ ਢਾਂਚੇ ਦੀ ਮੁੜ ਉਸਾਰੀ ਮਨਰੇਗਾ ਮਜ਼ਦੂਰਾਂ ਕੋਲੋ ਕਾਰਵਾਈ ਜਾਵੇ ਜਿਸ ਨਾਲ ਮਜਦੂਰਾਂ ਨੂੰ ਵੱਡੇ ਪੱਧਰ ਤੇ ਰੁਜਗਾਰ ਮਿਲੇਗਾ ਅਤੇ ਕੰਮ ਵੀ ਸਸਤੇ ਵਿੱਚ ਹੋਵੇਗਾ। ਅਖੀਰ ਤੇ ਉਹਨਾਂ ਕਿਹਾ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਲਗਾਤਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕਾਰਜ਼ਸ਼ੀਲ ਹੈ ਅਤੇ ਜਿਥੇ ਆਉਂਦੇ ਦਿਨਾਂ ਵਿੱਚ ਜਿੰਦਗੀ ਨੂੰ ਮੁੜ ਲੀਹਾਂ ਤੇ ਲਿਆਉਣ ਲਈ ਜਿਵੇਂ ਦੀ ਮਦਦ ਦੀ ਲੋੜ ਪੈਦਾ ਹੋਵੇਗੀ ਓਵੇ ਦੀ ਮਦਦ ਵੀ ਕੀਤੀ ਜਾਵੇਗੀ, ਓਥੇ ਹੀ ਸਰਕਾਰ ਨੂੰ ਵੀ ਚੇਤਾਵਨੀ ਹੈ ਕਿ ਸਿਆਸਤ ਅਤੇ ਡਰਾਮੇਬਾਜ਼ੀ ਛੱਡ ਕੇ ਲੋਕਾਂ ਦੇ ਮੁੜ ਵਸੇਬੇ ਅਤੇ ਧੁੱਸੀ ਬੰਨ੍ਹ ਦੀ ਮੁੜ ਉਸਾਰੀ ਸ਼ੁਰੂ ਕੀਤੀ ਜਾਵੇ। ਉਹਨਾਂ ਕਿਹਾ ਕਿ ਅਗਰ ਸਰਕਾਰ ਕੋਈ ਕਾਰਗਰ ਕਦਮ ਨਹੀਂ ਉਠਾਉਂਦੀ ਤਾਂ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ ਤੇ ਜਥੇਬੰਦੀ ਸਰਕਾਰ ਵਿਰੁੱਧ ਤਿੱਖੇ ਐਕਸ਼ਨ ਲੈਣ ਲਈ ਤਿਆਰ ਹੈ।

# ਇੰਟਰਨੈਸ਼ਨਲ ਭਾਈ ਮਰਦਾਨਾ ਸੁਸਾਇਟੀ ਦੇ ਆਗੂਆਂ ਨੇ ਮਨਕੀਰਤ ਔਲਖ ਦਾ ਕੀਤਾ ਧੰਨਵਾਦ



ਫ਼ਿਰੋਜ਼ਪੁਰ, 12 ਸਤੰਬਰ (ਮਨੋਹਰ ਲਾਲ) :– ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਗਾਇਕ ਮਨਕੀਰਤ ਔਲਖ ਦਾ ਵਿਸ਼ੇਸ਼ ਧੰਨਵਾਦ ਕੀਤਾ ਜਾਂਦਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ ਮਨਕੀਰਤ ਔਲਖ ਪਿਛਲੇ ਕੁਝ ਦਿਨਾਂ ਤੋਂ ਹੜ੍ਹ ਪੀੜਤਾਂ ਲਈ ਘਰ–ਘਰ ਜਾ ਕੇ ਮਾਇਆ ਦੇ ਗੱਫੇ ਦੇ ਰਹੇ ਹਨ ਅਤੇ ਟਰੈਕਟਰਾਂ ਦੀ ਸੇਵਾ ਵੀ ਕਰ ਰਹੇ ਹਨ ਅਸੀਂ ਇਸ ਗੱਲ ਤੇ ਉਨ੍ਹਾਂ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਪਹਿਲ ਕੀਤੀ ਹੈ ਜਿਵੇਂ ਕਿ ਹੋਰ ਸਿੰਗਰ ਜਸਵੀਰ ਜੱਸੀ, ਇੰਦਰਜੀਤ ਨਿੱਕੂ, ਗੁਰਦਾਸ ਮਾਨ, ਸੁਨੰਦਾ ਸ਼ਰਮ ਅਤੇ ਹੋਰ ਗਾਇਕਾਂ ਵਲੋਂ ਮੱਦਦ ਕੀਤੀ ਹੈ ਪਰ ਜੋ ਮਨਕੀਰਤ ਔਲਖ ਘਰ–ਘਰ ਜਾ ਕੇ ਹਰ ਇੱਕ ਦੀ ਸਮੱਸਿਆ ਵੇਖ ਕੇ ਉਨ੍ਹਾਂ ਨੂੰ ਪੈਸੇ ਵੀ ਦੇ ਰਹੇ ਹਨ ਉਨ੍ਹਾਂ ਦੇ ਕਮਰੇ ਬਣਵਾਉਣ ਤੱਕ ਦੀ ਉਨ੍ਹਾਂ ਨੇ ਸੇਵਾ ਕੀਤੀ ਹੈ ਕਈਆਂ ਨੂੰ ਟਰੈਕਟਰ ਵੀ ਉਹ ਵੰਡ ਰਹੇ ਨੇ ਨਾਮ ਨੋਟ ਕਰ ਰਹੇ ਨੇ ਪਹਿਲਾਂ ਹਾਲਾਤ ਦੇਖ ਰਹੇ ਹਨ, ਉਨ੍ਹਾਂ ਦੇ ਘਰ ਦੇ ਹਾਲਾਤ ਕੀ ਹਨ ਉਨ੍ਹਾਂ ਨੂੰ ਕਿਹੜੀ ਚੀਜ਼ ਦੀ ਲੋੜ ਹੈ ਉਹ ਸਭ ਕੁਝ ਦੇਖ ਕੇ ਸਾਰੀ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਗੱਲ ਤੇ ਉਨ੍ਹਾਂ ਦਾ ਅੰਤਰਰਾਸ਼ਟਰੀ ਭਾਈ ਮਰਦਾਨਾ ਸੁਸਾਇਟੀ ਧੰਨਵਾਦ ਕਰਦੀ ਹੈ ਅਤੇ ਅਪੀਲ ਕਰਾਂਗੇ ਕਿ ਸਾਡੇ ਫਿਰੋਜਪੁਰ ਇਲਾਕੇ ਵਿੱਚ ਵੀ ਆਓ ਇੱਥੇ ਵੀ ਰਾਜੋ ਕੀ ਗੱਟੀ ਤੋਂ ਅੱਗੇ ਟੇਂਡੀ ਆਲਾ ਜਾਂ ਕਮਾਲੇਵਾਲਾ ਤੇ ਜਾਂ ਹੋਰ ਪਿੰਡ ਹੈਗੇ ਹਨ, ਉਨ੍ਹਾਂ ਵਿੱਚ ਵੀ ਲੋੜ ਹੈਗੀ ਹੈ ਬਹੁਤ ਹੀ ਚੰਗੀ ਸੋਚ ਅਤੇ ਪੰਜਾਬ ਨੂੰ ਪਿਆਰ ਕਰਨ ਵਾਲੇ ਪੰਜਾਬੀਆ ਨੂੰ ਪਿਆਰ ਕਰਨ ਵਾਲੇ ਪੰਜਾਬ ਦੇ ਲੋਕਾਂ ਨੂੰ ਪਿਆਰ ਕਰਨ ਵਾਲੇ ਮਨਕੀਰਤ ਔਲਖ ਦਾ ਸਾਰੀ ਪੰਜਾਬ ਦੀ ਜਨਤਾ ਵੱਲੋਂ ਵੀ ਧੰਨਵਾਦ ਕਰਦੇ ਹਾਂ ਤਾਂ ਜ਼ੋ ਉਨ੍ਹਾਂ ਨੇ ਇਸ ਔਖੇ ਵੇਲੇ ਵਿੱਚ ਜੋ ਐਕਟਿਵ ਹੋ ਕੇ ਰੋਲ ਨਿਭਾਇਆ ਹੈ ਹੜ ਪੀੜਤ ਤੇ ਉਨ੍ਹਾਂ ਦੇ ਇਲਾਕੇ ਦੇ ਲੋਕ ਉਨ੍ਹਾਂ ਦਾ ਇਹ ਉਪਕਾਰ ਕਹਿ ਲਓ ਜਾਂ ਸੇਵਾ ਕਦੀ ਨਹੀਂ ਭੁੱਲਣਗੇ। ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਉਨ੍ਹਾਂ ਨੂੰ ਅਪੀਲ ਕਰਾਂਗੇ ਕਿ ਜਦੋਂ ਪਾਣੀ ਉਤਰ ਜਾਏਗਾ ਉਸ ਤੋਂ ਬਾਅਦ ਕਣਕ ਦੀ ਬਜਾਈ ਵਾਸਤੇ ਬੀਜਾਂ ਦੀ ਲੋੜ ਪਵੇਗੀ ਹੋਰ ਸਾਜੋ ਸਮਾਨ ਦੀ ਲੋੜ ਪਵੇਗੀ ਉਨ੍ਹਾਂ ਚੀਜ਼ਾਂ ਵਾਸਤੇ ਔਲਕ ਸਾਹਿਬ ਨੂੰ ਬੇਨਤੀ ਕਰਾਂਗੇ ਕਿ ਵੱਧ ਚੜ ਕੇ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਬੜੀ ਖੁਸ਼ੀ ਹੁੰਦੀ ਹੈ ਕੋਈ ਆਪਣਾ ਭਰਾ ਇਸ ਤਰ੍ਹਾਂ ਜਾ ਕੇ ਸੇਵਾ ਕਰਦਾ ਖੁੱਲੇ ਦਿਲ ਦੇ ਨਾਲ ਤੇ ਜਿਹੜੇ ਹੜ੍ਹ ਪੀੜਤ ਨੇ ਜਿਨਾਂ ਦੇ ਇਲਾਕੇ ਪ੍ਰਭਾਵਿਤ ਹਨ, ਜਿਨਾਂ ਦੇ ਮਕਾਨ ਅਤੇ ਜਿਨਾਂ ਦੀ ਜਮੀਨਾਂ ਫਸਲਾਂ ਵੀ ਖਰਾਬ ਹੋ ਗਈਆਂ ਹਨ, ਉਨ੍ਹਾਂ ਵਾਸਤੇ ਵੀ ਉਹ ਜੋ ਕਰ ਰਹੇ ਹਨ ਬਹੁਤ ਵਧੀਆ ਕਰ ਰਹੇ ਹਨ, ਉਹ ਪ੍ਰਸ਼ੰਸਾ ਦੇ ਪਾਤਰ ਹਨ ਅਤੇ ਇੰਟਰਨੈਸ਼ਨਲ ਭਾਈ ਮਰਦਾਨਾ ਸੁਸਾਇਟੀ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰੇਗੀ। ਇਸ ਮੌਕੇ ਰਣਬੀਰ ਸਿੰਘ ਰਾਣਾ, ਪਰਮਜੀਤ ਸਿੰਘ ਔਲਖ, ਹਰਜੀਤ ਸਿੰਘ ਧਾਲੀਵਾਲ, ਰਜੇਸ਼ ਕੁਮਾਰ, ਇੰਦਰਪਾਲ ਸਿੰਘ ਪ੍ਰਿੰਸ, ਬੱਬੂ ਹੁਸੈਨਵਾਲਾ, ਗੁਰਮੀਤ ਸਿੰਘ ਔਲਖ, ਹਰਦੀਪ ਸਿੰਘ ਰੱਜੀ ਵਾਲਾ, ਨਿਰਮਲ ਸਿੰਘ ਆਦੀ ਹਾਜਰ ਸਨ।

# ਗੁਰੂ ਹਰਗੋਬਿੰਦ ਆਈ.ਟੀ.ਆਈ ਦੇ ਵਿਦਿਆਰਥੀਆਂ ਸੰਸਥਾ ਦਾ ਕੀਤਾ ਨਾਮ ਰੋਸ਼ਨ



HARPREET SINGH 98% | HARMOHIT SINGH 97% | ANURAG BHANDARI 96%

ਫ਼ਿਰੋਜ਼ਪੁਰ, 12 ਸਤੰਬਰ (ਮਨੋਹਰ ਲਾਲ) :– ਪਹਿਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਹਰਗੋਬਿੰਦ ਆਈ.ਟੀ.ਆਈ ਦਾ ਨਤੀਜਾ ਰਿਹਾ ਸ਼ਾਨਦਾਰ, ਜਿਸ ਵਿਚ ਹਰਪ੍ਰੀਤ ਸਿੰਘ ਪੁੱਤਰ ਬਖਸੀਸ਼ ਸਿੰਘ 98 ਫੀਸਦੀ, ਹਰਮੋਹਿਤ ਸਿੰਘ ਪੁੱਤਰ ਮਲਕੀਤ ਸਿੰਘ 97 ਫੀਸਦੀ, ਅਨੁਰਾਗ ਭੰਡਾਰੀ ਪੁੱਤਰ ਪਰਦੀਪ ਭੰਡਾਰੀ 96 ਫੀਸਦੀ, ਰੋਹਿਤ ਪੁੱਤਰ ਮੰਗਤ ਰਾਮ 95 ਫੀਸਦੀ, ਗੁਰਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ 95 ਫੀਸਦੀ, ਰਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ 94 ਫੀਸਦੀ, ਗੁੰਨਗੁੰਨ ਪੁੱਤਰੀ ਹਰਵਿੰਦਰ ਸਿੰਘ 94 ਫੀਸਦੀ, ਹਰਸ਼ਦੀਪ ਸਿੰਘ ਪੁੱਤਰ ਮਨਜੀਤ ਸਿੰਘ 93 ਫੀਸਦੀ, ਜਗਦੀਸ਼ ਕੁਮਾਰ ਪੁੱਤਰ ਚੰਦਾ ਰਾਮ 93 ਫੀਸਦੀ, ਸੁਖਦੇਵ ਸਿੰਘ ਪੁੱਤਰ ਕਿੱਕਰ ਸਿੰਘ 93 ਫੀਸਦੀ, ਸ਼ਰਨਜੀਤ ਸਿੰਘ ਪੁੱਤਰ ਸੁਖਦੇਵ ਸਿੰਘ 93 ਫੀਸਦੀ, ਅਰਸ਼ਦੀਪ ਸਿੰਘ ਪੁੱਤਰ ਰਣਜੀਤ ਸਿੰਘ 93 ਫੀਸਦੀ, ਸੁਖਪ੍ਰੀਤ ਕੌਰ ਪੁੱਤਰੀ ਹਰਪਿੰਦਰ ਸਿੰਘ 93 ਫੀਸਦੀ, ਗੁਰਪ੍ਰੀਤ ਸਿੰਘ ਪੁੱਤਰ ਜਗੀਰ ਸਿੰਘ 92 ਫੀਸਦੀ, ਲਵਪ੍ਰੀਤ ਸਿੰਘ ਪੁੱਤਰ ਬਖਸੀਸ਼ ਸਿੰਘ 92 ਫੀਸਦੀ, ਬਿਕਰਮ ਸਿੰਘ ਖੋਖਰ ਪੁੱਤਰ ਕੁਲਦੀਪ ਸਿੰਘ ਖੋਖਰ 92 ਫੀਸਦੀ, ਗਗਨਦੀਪ ਸਿੰਗਲਾ ਪੁੱਤਰ ਅਜੈ ਸਿੰਗਲਾ 91 ਫੀਸਦੀ, ਅਰਸ਼ਦੀਪ ਸਿੰਘ ਪੁੱਤਰ ਬਲਦੇਵ ਸਿੰਘ 91, ਪ੍ਰਭਜੀਤ ਕੌਰ ਪੁੱਤਰੀ ਭਗਵਾਨ ਸਿੰਘ 92, ਜਤਿੰਦਰ ਸਿੰਘ ਪੁੱਤਰ ਹਰਭਜਨ ਸਿੰਘ 91 ਫੀਸਦੀ, ਕਰਨਪ੍ਰੀਤ ਸਿੰਘ ਪੁੱਤਰ ਜਗੀਰ ਸਿੰਘ 91 ਫੀਸਦੀ, ਚਰਨਜੀਤ ਸਿੰਘ ਪੁੱਤਰ ਸੁਖਚੈਨ ਸਿੰਘ 90 ਫੀਸਦੀ, ਗੁਰਮਨਜੋਤ ਸਿੰਘ ਪੁੱਤਰ ਜਗਮੀਤ ਸਿੰਘ 90 ਫੀਸਦੀ ਅਤੇ ਰੋਹਿਤ ਕੁਮਾਰ ਪੁੱਤਰ ਤਰਲੋਕ ਚੰਦ 90 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹਨ। ਕਾਲਜ ਪ੍ਰਬੰਧਕਾਂ ਨੇ ਦੱਸਿਆ ਕਿ ਬਾਕੀ ਸਾਰੇ ਸਿੱਖਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਹਾਸਲ ਕਰਕੇ ਆਪਣੇ ਪਰਿਵਾਰ ਅਤੇ ਆਈ.ਟੀ.ਆਈ ਦਾ ਨਾਮ ਰੋਸ਼ਨ ਕੀਤਾ ਹੈ ਉਨ੍ਹਾਂ ਦੱਸਿਆ ਕਿ ਗੁਰੂ ਹਰਗੋਬਿੰਦ ਆਈ.ਟੀ.ਆਈ ਪਿਛਲੇ 20 ਸਾਲਾਂ ਤੋਂ ਫ਼ਿਰੋਜ਼ਪੁਰ ਵਿਚ ਸਕਿਲ ਹੱਬ ਦੀ ਤਰ੍ਹਾਂ ਸੇਵਾ ਨਿਭਾਅ ਰਹੀ ਹੈ, ਜਿਸ ਦੇ ਵਿਚ ਹਜ਼ਾਰਾਂ ਹੀ ਵਿਦਿਆਰਥੀ ਇਥੋਂ ਕੋਰਸ ਕਰਕੇ ਸਰਕਾਰੀ ਨੌਕਰੀਆਂ ਅਤੇ ਬਹੁਤ ਸਾਰੇ ਵਿਦਿਆਰਥੀ ਵਿਦੇਸ਼ਾਂ ਵਿਚ ਬਹੁਤ ਚੰਗੀਆਂ ਤਨਖਾਹਾਂ ਉਪਰ ਕੰਮ ਕਰ ਰਹੇ ਹਨ। ਇਸ ਆਈ.ਟੀ.ਆਈ ਵਿਚ ਤੁਸੀਂ ਵੈਲਡਰ, ਪਲੰਬਰ, ਡੀਜਲ–ਮਕੈਨਿਕ, ਇਲੈਕ੍ਰਟਰੀਸ਼ਨ ਅਤੇ ਕੰਪਿਊਟਰ ਕੋਰਸ ਵਰਗੇ ਕੋਰਸ ਕਰ ਸਕਦੇ ਹੋ। ਇਹ ਸੰਸਥਾ ਸਿਰਫ ਇਕ ਸੰਸਥਾ ਹੀ ਨਹੀਂ ਬਲਕਿ ਇਕ ਸਕਿਲ ਹੱਬ ਹੈ। ਇਸ ਸੰਸਥਾ ਦੁਆਰਾ ਇਸ ਸਾਲ ਇਕ ਨਵਾਂ ਵੈਨਚਰ ਸ਼ੁਰੂ ਕੀਤਾ ਗਿਆ ਹੈ, ਜਿਸ ਵਿਚ ਆਈ.ਟੀ.ਆਈ ਜਾਂ ਮੈਡੀਕਲ ਵਰਗੇ ਰੈਗੂਲਰ ਕੋਰਸ ਦੇ ਨਾਲ–ਨਾਲ ਬੀ.ਏ, ਬੀ.ਕੌਮ, ਬੀ.ਬੀ.ਏ, ਬੀ.ਸੀ.ਏ ਅਤੇ ਐਮ.ਏ, ਐਮ.ਕੌਮ, ਐਮ.ਬੀ.ਏ, ਐਮ.ਸੀ.ਏ ਵਰਗੇ ਕੋਰਸ ਵਿਦਿਆਰਥੀ ਬਹੁਤ ਹੀ ਘੱਟ ਫੀਸ ਦੇ ਵਿਚ ਆਨਲਾਈਨ ਅਤੇ ਓਪਨ ਡਿਸਟੈਸ ਮੋਡ ਵਿਚ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਬੀ.ਏ ਤਾਂ ਸਿਰਫ 5000 ਰੁਪਏ ਪ੍ਰਤੀ ਸਮੈਸਟਰ ਵਿਚ ਹੀ ਸ਼ੁਰੂ ਹੈ, ਇਹ ਸਾਰੇ ਕੋਰਸ ਘਰ ਬੈਠ ਕੇ ਵੀ ਕੀਤੇ ਜਾ ਸਕਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸਿਹਤ ਮੰਤਰੀ ਡਾ ਬਲਬੀਰ ਸਿੰਘ ਵਲੋਂ ਕਿਡਨੀ ਦੀ ਬਿਮਾਰੀ ਤੋ ਪੀੜ੍ਹਤ

# ਅੱਠ ਸਾਲ ਦੇ ਬੱਚੇ ਦੇ ਪਰਿਵਾਰ ਨੂੰ 50 ਹਜ਼ਾਰ ਦਾ ਚੈੱਕ ਕੀਤਾ ਭੇਟ



**ਅੰਮ੍ਰਿਤਸਰ, 12 ਸਤੰਬਰ (ਹਰਪਾਲ ਸਿੰਘ)**-ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਰੈਸਕਿਊ ਆਪਰੇਸ਼ਨ ਦੌਰਾਨ ਇਕ ਅੱਠ ਸਾਲ ਦੇ ਬੱਚੇ ਨੂੰ ਜੋ ਕਿ ਕਿਡਨੀ ਦੀ ਬਿਮਾਰੀ ਤੋਂ ਪੀੜ੍ਹਤ ਸੀ ਨੂੰ ਤੁਰੰਤ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਦਾਖਿਲ ਕਰਵਾ ਦਿੱਤਾ ਗਿਆ ਸੀ। ਉਨਾਂ ਦੱਸਿਆ ਕਿ ਇਸ ਬੱਚੇ ਦੇ ਇਲਾਜ ਦਾ ਸਾਰਾ ਖਰਚ, ਪੰਜਾਬ ਸਰਕਾਰ ਵਲੋਂ ਕੀਤਾ ਜਾਵੇਗਾ। ਉਨਾਂ ਮੀਡੀਆ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਦੀ ਖ਼ਬਰਾਂ ਤੋਂ ਹੀ ਇਸ ਬੱਚੇ ਦੀ ਜਾਣਕਾਰੀ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਨੂੰ ਪਹੁੰਚੀ ਸੀ, ਜਿਸ ਤੇ ਤੁਰੰਤ ਕਾਰਵਾਈ ਕਰਦੇ ਹੋਏ ਇਸ ਨੂੰ ਤੁਰੰਤ ਹਸਪਤਾਲ ਦਾਖਿਲ ਕਰਵਾਇਆ ਗਿਆ।

ਸਿਹਤ ਮੰਤਰੀ ਪੰਜਾਬ ਨੇ ਕਿਡਨੀ ਰੋਗ ਤੋਂ ਪੀੜ੍ਹਤ ਅੱਠ ਸਾਲਾ ਬੱਚੇ, ਅਭਿਜੋਤ ਸਿੰਘ ਦਾ ਹਾਲ ਚਾਲ ਜਾਨਣ ਲਈ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਪੁੱਜੇ ਅਤੇ ਪੀੜ੍ਹਤ ਲੜਕੇ ਦੇ ਪਰਿਵਾਰ ਨੂੰ 50 ਹਜ਼ਾਰ ਰੁਪਏ ਦਾ ਚੈੱਕ ਵੀ ਭੇਟ ਕੀਤਾ। ਉਨਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਦੌਰਾਨ ਇਸ ਪਰਿਵਾਰ ਦਾ ਜੋ ਵੀ ਨੁਕਸਾਨ ਹੋਇਆ ਹੈ ਉਸਦਾ ਮੁਆਵਜਾ ਦੇਵੇਗੀ। ਉਨਾਂ ਦੱਸਿਆ ਕਿ ਕਿਡਨੀ ਬਿਮਾਰੀ ਨਾਲ ਪੀੜ੍ਹਤ ਬੱਚੇ ਦੇ ਇਲਾਜ ਲਈ ਪੀ.ਜੀ.ਆਈ. ਦੇ ਡਾਕਟਰਾਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਜਾ ਰਿਹਾ ਹੈ।

ਇਸ ਮੌਕੇ ਸਿਵਲ ਸਰਜਨ ਡਾ. ਸਵਰਨਜੀਤ ਧਵਨ, ਪ੍ਰਿੰਸੀਪਲ ਮੈਡੀਕਲ ਕਾਲਜ ਡਾ. ਰਾਜੀਵ ਦੇਵਗਨ, ਐਮ.ਐਸ. ਡਾਕਟਰ ਕਰਮਜੀਤ ਸਿੰਘ, ਡਾ ਸੰਦੀਪ ਅਗਰਵਾਲ,ਡਾ. ਕਿਰਨਦੀਪ ਕੌਰ ਤੋਂ ਇਲਾਵਾ ਹੋਰ ਡਾਕਟਰ ਵੀ ਹਾਜ਼ਰ ਸਨ।

### ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਰਾਹਤ ਸੇਵਾਵਾਂ ਬਿਲਕੁਲ ਪਾਰਦਰਸ਼ੀ- ਐਡਵੋਕੇਟ ਧਾਮੀ

# ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਲਗਾਏ ਇਲਜ਼ਾਮਾਂ ਦਾ ਕੀਤਾ ਖੰਡਨ



**ਅੰਮ੍ਰਿਤਸਰ, 12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਸਿੱਖ ਸੰਸਥਾ ਖਿਲਾਫ ਕੀਤੇ ਜਾ ਰਹੇ ਝੂਠੇ ਪ੍ਰਾਪੇਗੰਡਾ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਨਾਲ ਖੜ੍ਹਨ ਦੀ ਥਾਂ ਇਹ ਲੋਕ ਸਿਆਸੀ ਬਿਆਨਬਾਜ਼ੀ ਵਿੱਚ ਉਲਝੇ ਹੋਏ ਹਨ। ਜਾਰੀ ਇੱਕ ਬਿਆਨ ਵਿੱਚ ਐਡਵੋਕੇਟ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਇਕ ਸਾਂਝੀ ਸਿੱਖ ਸੰਸਥਾ ਹੁੰਦਿਆਂ ਜ਼ਮੀਨੀ ਪੱਧਰ ਤੇ ਹੜ੍ਹ ਪੀੜਤਾਂ ਲਈ ਕਾਰਜਸ਼ੀਲ ਹੈ ਅਤੇ ਇਸ ਦੇ ਯਤਨਾਂ ਨੂੰ ਸੀਮਤ ਕਰਨ ਦੀ ਸਿਆਸਤ ਬੇਹੱਦ ਦੁਖਦਾਈ ਅਤੇ ਮੰਦਭਾਗੀ ਹੈ। ਉਨ੍ਹਾਂ ਸਪਸ਼ਟ ਤੌਰ 'ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਕੋਲ ਕੀਤੀਆਂ ਸੇਵਾਵਾਂ ਦੇ ਪੂਰੇ ਵੇਰਵੇ ਮੌਜੂਦ ਹਨ ਜੋ ਕੱਲ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬਾਅਦ ਮੀਡੀਆ ਨਾਲ ਸਾਂਝੇ ਵੀ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ 10 ਸਤੰਬਰ ਤੱਕ 77 ਲੱਖ ਤੋਂ ਵੱਧ ਦੀਆਂ ਰਾਹਤ ਸੇਵਾਵਾਂ ਸਿੱਖ ਸੰਸਥਾ ਵੱਲੋਂ ਕੀਤੀਆਂ ਗਈਆਂ ਹਨ, ਜਿਸ ਵਿੱਚ ਲੰਗਰ, ਜ਼ਰੂਰੀ ਰਸਦਾਂ, ਲੋੜੀਦਾ ਸਮਾਨ ਅਤੇ ਬੰਨਾਂ ਨੂੰ ਮਜ਼ਬੂਤ ਕਰਨ ਲਈ ਡੀਜਲ ਆਦਿ ਸ਼ਾਮਿਲ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਇਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਸਿੱਖ ਸੰਸਥਾ ਦੀਆਂ ਸੇਵਾਵਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਨਾਲ ਜੋੜਨ ਦੇ ਸੰਬੰਧ ਵਿੱਚ ਕਿਹਾ ਕਿ ਇਹ ਬਿਲਕੁਲ ਬੇਬੁਨਿਆਦ ਤੇ ਅਧਾਰਹੀਣ ਵਿਚਾਰ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਸਭ ਦੀ ਸਾਂਝੀ ਸੰਸਥਾ ਹੈ ਅਤੇ ਇਸ ਦੀਆਂ ਸੇਵਾਵਾਂ ਵਿੱਚ ਕੋਈ ਵੀ ਸਹਿਯੋਗ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਡੀਜ਼ਲ ਦੇਣ ਦਾ ਫੈਸਲਾ ਲੋਕਾਂ ਦੀ ਮੰਗ ਅਨੁਸਾਰ ਪਹਿਲੇ ਦਿਨ ਤੋਂ ਹੀ ਕਰ ਦਿੱਤਾ ਗਿਆ ਸੀ। ਜਿਸ ਤਹਿਤ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਇਸ ਦੀ ਬਕਾਇਦਾ ਸ਼ੁਰੂਆਤ ਕੀਤੀ ਗਈ ਅਤੇ ਬਾਅਦ ਵਿੱਚ ਮੰਗ ਅਨੁਸਾਰ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਡੀਜ਼ਲ ਦਿੱਤਾ ਗਿਆ। ਇਸ ਦੀ ਖਰੀਦ ਅਤੇ ਵੰਡਣ ਲਈ ਸਿੱਖ ਸੰਸਥਾ ਦੇ ਨਿਯਮਾਂ ਅਨੁਸਾਰ ਕਾਰਜ਼ ਕੀਤਾ ਜਾ ਰਿਹਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ. ਜਸਵੰਤ ਸਿੰਘ ਪੁੜੈਣ ਵੱਲੋਂ ਲੰਘੇ ਕਲ੍ਹ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਆਏ ਜਿਸ 53 ਨੰਬਰ ਮਤੇ ਦੀ ਗੱਲ ਕੀਤੀ ਜਾ ਰਹੀ ਹੈ ਉਹ ਤਤਕਾਲ ਵਿੱਚ ਰਾਹਤ ਸੇਵਾਵਾਂ ਲਈ ਭੇਜੀਆਂ ਪ੍ਰਵਾਨਗੀਆਂ ਦੀ ਪੁਸ਼ਟੀ ਦੇ ਸਬੰਧ ਵਿੱਚ ਸੀ। ਉਨ੍ਹਾਂ ਕਿਹਾ ਕਿ ਸੰਸਥਾ ਦੇ ਕਾਰਜਾਂ ਲਈ ਇੱਕ ਵਿਧੀ ਵਿਧਾਨ ਹੁੰਦਾ ਹੈ ਅਤੇ ਵੱਡੇ ਖਰਚਿਆਂ ਦੀ ਪ੍ਰਵਾਨਗੀ ਅੰਤ੍ਰਿੰਗ ਕਮੇਟੀ ਦਿੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਤੇ ਵਿੱਚ ਵੇਰਵੇ ਸ਼ਾਮਿਲ ਨਹੀਂ ਕੀਤੇ ਜਾਂਦੇ ਸਗੋਂ ਇਹ ਵੇਰਵੇ ਸੰਬੰਧਿਤ ਗੁਰਦੁਆਰਾ ਸਾਹਿਬਾਨ ਪਾਸ ਸੁਰੱਖਿਅਤ ਰੱਖੇ ਜਾਂਦੇ ਹਨ ਅਤੇ ਬਿੱਲਾਂ ਨਾਲ ਸ਼ਾਮਿਲ ਕੀਤੇ ਜਾਂਦੇ ਹਨ। ਇਹ ਵੇਰਵੇ ਲੰਘੇ ਕੱਲ੍ਹ ਵੀ ਜਨਤਕ ਕੀਤੇ ਸਨ ਅਤੇ ਇਸ ਨੂੰ ਕੋਈ ਵੀ ਵੇਖ ਸਕਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਸ਼ਾਲੀ ਬਾਰੇ ਇੱਕ ਅੰਤ੍ਰਿੰਗ ਕਮੇਟੀ ਮੈਂਬਰ ਵੱਲੋਂ ਗੈਰ ਜਿੰਮੇਵਾਰਾਨਾ ਤਰੀਕੇ ਨਾਲ ਸਵਾਲ ਕਰਨੇ ਹੈਰਾਨੀਜਨਕ ਹਨ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਨਿਰਸਵਾਰਥ ਸੇਵਾਵਾਂ ਉਤੇ ਸਵਾਲ ਚੁੱਕਣ ਵਾਲੇ ਇਹ ਸਾਰੇ ਲੋਕ ਇਸੇ ਪ੍ਰਬੰਧ ਦਾ ਹੀ ਹਿੱਸਾ ਹਨ ਅਤੇ ਵੱਖ ਹੋਣ ਤੋਂ ਪਹਿਲਾਂ ਇਨ੍ਹਾਂ ਨੂੰ ਸਭ ਕੁਝ ਠੀਕ ਲੱਗਦਾ ਸੀ। ਪਰੰਤੂ ਜਦੋਂ ਹੁਣ ਦੂਸਰੇ ਧੜੇ ਵਿਚ ਜਾ ਰਲੇ ਹਨ ਤਾਂ ਇਨ੍ਹਾਂ ਨੂੰ ਸਭ ਕੁਝ ਗਲਤ ਲੱਗਣ ਲਗ ਪਿਆ। ਉਨ੍ਹਾਂ ਸਵਾਲ ਕੀਤਾ ਕਿ ਇਹ ਕਿਹੋ ਜਿਹੇ ਦੋਹਰੇ ਮਾਪਦੰਡ ਹਨ?

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਨ੍ਹਾਂ ਮੈਂਬਰਾਂ ਨੂੰ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਸਮਝਣ ਅਤੇ ਸਿੱਖ ਸੰਸਥਾ ਵੱਲੋਂ ਕੀਤੀਆਂ ਜਾ ਰਹੀਆਂ ਵਿਸ਼ਾਲ ਸੇਵਾਵਾਂ ਨੂੰ ਜਾਣਬੁਝ ਕੇ ਸੱਟ ਨਾ ਮਾਰਨ। ਉਨ੍ਹਾਂ ਕਿਹਾ ਕਿ ਇਸ ਦੁੱਖਦ ਸਮੇਂ ਪੰਜਾਬ ਅਤੇ ਪੰਜਾਬੀਆਂ ਨਾਲ ਖੜਨਾ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਹੈ ਅਤੇ ਸਿੱਖ ਸੰਸਥਾ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਵਿਚ ਕੋਈ ਢਿੱਲ ਨਹੀਂ ਵਰਤੇਗੀ।

## ਰਾਹੁਲ ਪ੍ਰੀਯਕਾਂ ਗਾਧੀ ਸੈਨਾ ਦੀ ਜਿਲਾ ਗੁਰਦਾਸਪੁਰ ਅਤੇ ਪਠਾਨਕੋਟ ਦੀ ਪ੍ਰਧਾਨ ਮੈਡਮ ਬੇਵੀ ਕਾਗਲਾਂ ਵਲੋਂ ਆਪਣੀ ਟੀਮ ਨਾਲ ਹੜ ਪੀੜਤਾਂ ਦੀ ਸਹਲੂਤਾਂ ਵਾਸਤੇ ਹਰ ਤਰਾਂ ਦੀ ਮਦਦ ਕੀਤੀ ਜਾ ਰਹੀ ਹੈ



**ਪਠਾਨਕੋਟ, 12 ਸੰਤਬਰ (ਆਵਾਜ਼ਿ ਕੌਮ ਬਿਊਰੋ)**-ਰਾਹੁਲ ਪ੍ਰਿਯੰਕਾ ਗਾਂਧੀ ਸੈਨਾ ਦੇ ਵਧਦੇ ਕਦਮਾਂ ਨੂੰ ਬਹੁਤ ਹੀ ਸ਼ਲਾਘਾਯੋਗ ਕਿਹਾ ਜਾ ਸਕਦਾ ਹੈ ਕਿਉਂਕਿ ਪੰਡਿਤ ਸ੍ਰੀ ਜਗਦੀਸ਼ ਸ਼ਰਮਾ ਨੈਸ਼ਨਲ ਪ੍ਰਧਾਨ ਜੀ ਨੇ ਬੇਵੀ ਕਾਂਗਲਾ ਜੋ ਕਿ ਮਹਿਲਾ ਵਿੰਗ ਪ੍ਰਧਾਨ ਜਿਲਾ ਪਠਾਨਕੋਟ ਅਤੇ ਗੁਰਦਾਸਪੁਰ ਦੀ ਪ੍ਰਧਾਨ ਨਿਯੁਕਤ ਕੀਤਾ ਹੈ ਸੋ ਉਨ੍ਹਾਂ ਦੀ ਬਦੌਲਤ ਹੀ ਬੇਵੀ ਕਾਂਗਲਾ ਦੀ ਸਮਾਜ ਵਿਚ ਪਹਿਛਾਣ ਬਣੀ ਹੈ। ਜਿਵੇਂ ਸ੍ਰੀ ਜਗਦੀਸ਼ ਸ਼ਰਮਾ ਜੀ ਪੂਰੇ ਦੇਸ਼ ਦੀ ਸੇਵਾ ਵਿਚ ਰੁੱਝੇ ਹੋਏ ਨੇ ਉਵੇਂ ਹੀ ਬੇਵੀ ਕਾਂਗਲਾ ਅਤੇ ਉਸਦੀ ਟੀਮ ਨੇ ਹੜ ਪੀੜਤਾਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ। ਬੇਵੀ ਕਾਂਗਲਾ, ਮਹਿਲਾ ਵਿੰਗ ਪ੍ਰਧਾਨ ਮੈਡਮ ਪੂਜਾ ਭਗਤ, ਪੰਚਾਇਤਾਂ ਮੈਂਬਰ ਅਤੇ ਡਾਕਟਰ ਬੀ ਆਰ ਅੰਬੇਡਕਰ ਸਮਰਥਕ ਸ੍ਰੀ ਸੋਰਵ ਭਗਤ ਜੀ, ਮਹਿਲਾ ਵਿੰਗ ਪ੍ਰਧਾਨ ਮੈਡਮ ਰਿਤੂ ਸਿੰਘ, ਮੈਡਮ ਵੈਸ਼ਾਲੀ, ਡਾਕਟਰ ਮਿਨਾਕਸ਼ੀ ਖਤਰੀ, ਮੈਡਮ ਸੁਨੀਤਾ ਕਾਂਗਲਾ ਜੀ ਨੇ ਅਹਿਮ ਰੋਲ ਅਦਾ ਕੀਤਾ। ਲੋਕਾਂ ਦੀ ਨੂ ਕਪੜੇ, ਖਾਣ ਦੀ ਸਾਮਗਰੀ ਦੀ ਸਹੂਲਤ ਦੇ ਨਾਲ ਪਸ਼ੂਆਂ ਦੇ ਚਾਰੇ ਲਈ ਤੂੜੀ ਵੀ ਅਲੱਗ ਅਲੱਗ ਥਾਵਾਂ ਤੇ ਜਾ ਕੇ ਵੰਡੀ ਗਈ।ਇਹ ਸਹੂਲਤ ਡਾਕਟਰ ਮਿਨਾਕਸ਼ੀ ਖਤਰੀ ਜੀ ਅਤੇ ਉਨ੍ਹਾਂ ਦੇ ਪਤੀ ਵਲੋਂ ਦਿੱਤੀ ਗਈ ਅਤੇ ਟਰੈਕਟਰਾਂ ਦਾ ਸਹੂਲਤ ਬੇਵੀ ਕਾਂਗਲਾ ਵਲੋਂ ਦਿੱਤੀ ਗਈ। ਬੇਵੀ ਕਾਂਗਲਾ ਜੀ ਨੇ ਕਿਹਾ ਕਿ ਇਨਸਾਨ ਤਾਂ ਬੋਲ ਕੇ ਦਸ ਦਿੰਦਾ ਹੈ ਕਿ ਭੁੱਖ ਲੱਗੀ ਹੈ ਜਾਂ ਨਹੀਂ ਪਰ ਜਾਨਵਰ ਬੇਜ਼ੁਬਾਨ ਹੁੰਦੇ ਹਨ ,ਉਹ ਬੋਲ ਕੇ ਦਸ ਨਹੀਂ ਸਕਦੇ ਹੋ ਸੋ ਉਨ੍ਹਾਂ ਦੇ ਚਾਰੇ ਲਈ ਮੇਰੀ ਟੀਮ ਵਰਕਰਾਂ ਨੇ ਇਕ ਇਕ ਕਵਾਇੰਟਲ ਤੂੜੀ ਵੱਖ ਵੱਖ ਸਥਾਨਾਂ ਤੇ ਆਪ ਟਰੈਕਟਰ ਤੇ ਸਵਾਰ ਹੋ ਕੇ ਵੰਡੀ। ਟੀਮ ਵਰਕਰਾਂ ਨੇ ਲੋਕਾਂ ਨੂੰ ਹੌਸਲਾ ਦਿੱਤਾ ਕਿ ਅਸੀਂ ਤੁਹਾਡੀ ਮਦਦ ਲਈ ਹਰ ਸਮੇਂ ਹਾਜ਼ਿਰ ਹਾਂ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਹੜ ਪੀੜਤਾਂ ਨੂੰ ਟੂਟੇ ਮਕਾਨਾਂ ਲਈ ਤਰਪਾਲਾਂ ਅਤੇ ਪਸ਼ੂਆਂ ਲਈ ਚਾਰਾ ਵੰਡਿਆ



**ਪਠਾਨਕੋਟ ,12 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਕਾਨੂੰਨੀ ਸੇਵਾ ਅਥਾਰਟੀ ਪਠਾਨਕੋਟ ਦੇ ਚੇਅਰਮੈਨ ਕਮ ਜਿਲਾ ਅਤੇ ਸੈਸ਼ਨ ਜਤਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਜ਼ਿਲਾ ਪਠਾਨਕੋਟ ਵਿੱਚ ਹੜ ਪੀੜਤਾਂ ਦੀ ਮਦਦ ਲਈ ਬਣਾਈ ਗਈ ਜੁਡੀਸ਼ਲੀ ਕਮੇਟੀ ਵੱਲੋਂ ਕੀਤੇ ਗਏ ਸਰਵੇ ਦੇ ਮੁਤਾਬਕ ਜ਼ਿਲਾ ਪਠਾਨਕੋਟ ਦੇ ਵੱਖ-ਵੱਖ ਜਗ੍ਹਾ ਵਿੱਚ ਹਾੜ ਪੀੜਤਾਂ ਦੀ ਮਦਦ ਕੀਤੀ ਗਈ, ਉੱਥੇ ਹੀ ਮਲਿਕਪੁਰ ਗੁਜਰਾਂ ਦੀ ਬਸਤੀ ਵਿੱਚ ਪਸ਼ੂ ਪਾਲਣ ਵਿਭਾਗ ਦੇ ਸਹਿਯੋਗ ਨਾਲ ਜਿਨਾਂ ਦੇ ਮਕਾਨ ਹੜ ਦੇ ਚਲਦੇ ਟੁੱਟ ਗਏ ਸੀ, ਉਹਨਾਂ ਨੂੰ ਤਰਪਾਲਾਂ ਵੰਡੀਆਂ ਗਈਆਂ ਅਤੇ ਪਸ਼ੂਆਂ ਲਈ ਚਾਰਾ ਮੁਹਈਆ ਕਰਵਾਇਆ ਗਿਆ। ਇਸ ਮੌਕੇ ਤੇ ਪਸ਼ੂ ਪਾਲਣ ਵਿਭਾਗ ਵੱਲੋਂ ਪਸ਼ੂਆਂ ਦਾ ਚੈੱਕਅਪ ਕਰਕੇ ਉਹਨਾਂ ਨੂੰ ਵੈਕਸੀਨ ਲਗਾਈ ਗਈ, ਇਸ ਮੌਕੇ ਤੇ ਸੀ ਜੇ ਐਮ ਰੁਪਿੰਦਰ ਸਿੰਘ ਨੂੰ ਗੁਜਰ ਬਸਤੀ ਦੇ ਲੋਕਾਂ ਨੇ ਦੱਸਿਆ ਕਿ ਉਹ 40 ਸਾਲ ਤੋਂ ਇੱਥੇ ਰਹਿ ਰਹੇ ਹਨ ਪਰ ਅਜੇ ਤੱਕ ਉਹਨਾਂ ਨੂੰ ਕੋਈ ਵੀ ਪੱਕਾ ਰਸਤਾ ਨਹੀਂ ਮਿਲਿਆ ਜਿਸ ਕਾਰਨ ਉਹਨਾਂ ਨੂੰ ਭਾਰੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਅਤੇ ਬਰਸਾਤ ਦੇ ਦਿਨਾਂ ਵਿੱਚ ਉਹ ਇੱਕ ਟਾਪੂ ਦੇ ਰੂਪ ਵਿੱਚ ਬਣ ਜਾਂਦੇ ਹਨ, ਉਹਨਾਂ ਮੰਗ ਕੀਤੀ ਕਿ ਉਹਨਾਂ ਨੂੰ ਰਸਤੇ ਮੁਹਈਆ ਕਰਵਾਇਆ ਜਾਵੇ ਜਿਸ ਤੇ ਸੀ ਜੇ ਐਮ ਰੁਪਿੰਦਰ ਸਿੰਘ ਨੇ ਉਹਨਾਂ ਨੂੰ ਭਰੋਸਾ ਦਿੱਤਾ ਕਿ ਉਹਨਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇ ਕੇ ਕਾਨੂੰਨੀ ਤਰੀਕੇ ਨਾਲ ਉਨਾਂ ਨੂੰ ਰਸਤਾ ਦਵਾਇਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243